1-MAR-PAGE-1.qxd 2/28/2025 10:47 PM Page 1

ਸ਼ਨੀਵਾਰ, 1 ਮਾਰਚ, 2025
18 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 270

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SATURDAY, 1 MARCH, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਨਸ਼ਾ ਸੌਦਾਗਰਾਂ ਖਿਲਾਫ਼ ਯਲਗਾਰ

ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਮਾਨ ਵੱਲੋਂ ਤਿੰਨ ਮਹੀਨਿਆਂ ਦੀ ਡੈੱਡਲਾਈਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਨਸ਼ਿਆਂ ਦੀ ਲਾਹਨਤ ਖਿਲਾਫ਼ ਜੰਗ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਤੇ ਐੱਸ ਐੱਸ ਪੀਜ਼ ਨੂੰ ਤਿੰਨ ਮਹੀਨਿਆਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਆਦੇਸ਼ ਦਿੱਤੇ ਹਨ। ਸ਼ੁੱਕਰਵਾਰ ਇੱਥੇ ਪੁਲਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐੱਸ ਐੱਸ ਪੀਜ਼ ਨਾਲ ਮੀਟਿੰਗ ਦੌਰਾਨ ਵਿਚਾਰ-ਚਰਚਾ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਤਿਹਾਸਕ ਪਲ ਹੈ, ਕਿਉਂਕਿ ਸੂਬਾ ਸਰਕਾਰ ਨੇ ਨਸ਼ਿਆਂ ਪ੍ਰਤੀ ਕਿਸੇ ਵੀ ਤਰ੍ਹਾਂ ਦਾ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੋਈ ਹੈ ਅਤੇ ਇਸ ਲਾਹਨਤ ਦੇ ਖਿਲਾਫ਼ ਵਿਆਪਕ ਜੰਗ ਸ਼ੁਰੂ ਕਰ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਪੁਲਸ ਦਾ ਅਮਨ-ਕਾਨੂੰਨ ਦੀ ਵਿਵਸਥਾ ਕਾਇਮ ਰੱਖਣ ਲਈ ਵੱਖ-ਵੱਖ ਚੁਣੌਤੀਆਂ ਨਾਲ ਨਜਿੱਠਣ ਦਾ ਲੰਮਾ ਅਤੇ ਸ਼ਾਨਦਾਰ ਇਤਿਹਾਸ ਹੈ। ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਪੁਲਸ ਆਪਣੀ ਸ਼ਾਨਦਾਰ ਪਰੰਪਰਾ ਨੂੰ ਕਾਇਮ ਰੱਖੇਗੀ ਅਤੇ ਆਮ

ਲੋਕਾਂ ਦੇ ਸਰਗਰਮ ਸਹਿਯੋਗ ਨਾਲ ਸੂਬੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਏਗੀ। ਸਰਕਾਰ ਨਸ਼ਿਆਂ ਦੇ ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਅਤੇ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਉਣਾ ਯਕੀਨੀ ਬਣਾਉਣ ਲਈ ਵਿਸ਼ੇਸ਼ ਫਾਸਟ ਟਰੈਕ ਅਦਾਲਤਾਂ ਦਾ ਗਠਨ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਇਸ ਨੇਕ ਕਾਰਜ ਲਈ ਪੁਲਸ ਅਤੇ ਸਿਵਲ ਪ੍ਰਸ਼ਾਸਨ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਇਸ ਦੀ ਰੋਕਥਾਮ ਲਈ ਲੋੜੀਂਦੇ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਇਸ ਦੀ ਲਪੇਟ ਵਿੱਚ ਨਾ ਆਉਣ। ਮਾਨ ਨੇ ਕਿਹਾ ਕਿ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਪੂਰੀ ਤਰ੍ਹਾਂ ਤੋੜਨਾ ਅਤੇ ਨਸ਼ੇ ਵੇਚਣ ਵਾਲਿਆਂ ਨੂੰ ਸਲਾਖਾਂ ਪਿੱਛੇ ਸੁੱਟਿਆ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਇਹ ਵੀ ਯਕੀਨੀ ਬਣਾਏਗੀ ਕਿ ਨਸ਼ਾ ਤਸਕਰਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਸਰਕਾਰ ਵੱਲੋਂ ਬਿਜਲੀ, ਪਾਣੀ ਤੇ ਹੋਰ ਸਹੂਲਤਾਂ ਵਿੱਚ ਕੋਈ ਸਬਸਿਡੀ ਨਾ ਦਿੱਤੀ ਜਾਵੇ ਤਾਂ ਕਿ ਅਪਰਾਧੀਆਂ ਨਾਲ ਕਰੜੇ ਹੱਥੀਂ ਨਿਪਟਿਆ ਜਾ ਸਕੇ।ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਨਸ਼ਾ ਤਸਕਰਾਂ ਵਿਰੁੱਧ ਮਿਸਾਲੀ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਐੱਨ.ਡੀ.ਪੀ.ਐੱਸ. ਐਕਟ ਵਿੱਚ ਕੋਈ ਹੋਰ ਸੋਧ ਦੀ ਲੋੜ ਪਵੇਗੀ ਤਾਂ ਉਹ ਇਸ ਮਸਲੇ ਨੂੰ ਕੇਂਦਰ ਸਰਕਾਰ ਕੋਲ ਉਠਾਉਣਗੇ। ਉਨ੍ਹਾ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਜਨਤਕ ਅਤੇ ਸਮਾਜਿਕ ਮੁਹਿੰਮ ਵਿੱਚ ਬਦਲਣਾ ਚਾਹੀਦਾ ਹੈ ਜਿਸ ਲਈ ਅਧਿਕਾਰੀਆਂ ਨੂੰ ਵਿਆਪਕ ਕਾਰਵਾਈ ਲਈ ਢੁਕਵੀਂ ਵਿਉਂਤਬੰਦੀ ਕਰਨੀ ਚਾਹੀਦੀ ਹੈ।

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਨਾਰੰਗਵਾਲ ਪਿੰਡ ਦੀ ਮਿਸਾਲ ਦਿੱਤੀ, ਜਿੱਥੇ ਵੀਰਵਾਰ ਸ਼ਾਮ ਨੂੰ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਜਾਇਦਾਦ ਢਾਹ ਦਿੱਤੀ ਗਈ ਸੀ। ਉਨ੍ਹਾ ਇਹ ਵੀ ਕਿਹਾ ਕਿ ਜਿਸ ਸ਼ਾਮਲਾਤ ਜ਼ਮੀਨ 'ਤੇ ਬਣਾਏ ਗਏ ਇਸ ਘਰ ਨੂੰ ਢਾਹਿਆ ਗਿਆ ਹੈ, ਉਸ ਥਾਂ ਉਤੇ ਹੁਣ ਲਾਇਬ੍ਰੇਰੀ ਬਣਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜਿਸ ਥਾਂ ਤੋਂ ਨਸ਼ੇ ਵੇਚੇ ਜਾਂਦੇ ਸਨ, ਉਸ ਥਾਂ ਨੂੰ 'ਗਿਆਨ ਦੇ ਕੇਂਦਰ' ਵਿੱਚ ਬਦਲਿਆ ਜਾਵੇਗਾ ਤਾਂ ਜੋ

● ਬਾਕੀ ਸਫ਼ਾ 2 'ਤੇ

57 ਮਜ਼ਦੂਰ ਤੋਦਿਆਂ ਹੇਠ ਦੱਬੇ, 32 ਬਚਾਏ

ਚਮੋਲੀ : ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਬਰਫ ਦੇ ਵੱਡੇ-ਵੱਡੇ ਤੋਦੇ ਖਿਸਕਣ ਕਾਰਨ ਸੜਕ ਨਿਰਮਾਣ ਵਿੱਚ ਲੱਗੇ ਸਰਹੱਦੀ ਸੜਕ ਸੰਗਠਨ (ਬਾਰਡਰ ਰੋਡ ਆਰਗੇਨਾਈਜ਼ੇਸ਼ਨ-ਬੀ ਆਰ ਓ) ਦੇ 57 ਮਜ਼ਦੂਰ ਦਬ ਗਏ। 32 ਮਜ਼ਦੂਰਾਂ ਨੂੰ ਸੁਰੱਖਿਅਤ ਕੱਢ ਲਿਆ ਗਿਆ ਸੀ ਅਤੇ ਬਾਕੀ 25 ਨੂੰ ਕੱਢਣ ਦੀਆਂ ਕੋਸ਼ਿਸ਼ਾਂ ਜਾਰੀ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਮਜ਼ਦੂਰ ਬਦਰੀਨਾਥ ਲਾਗਲੇ ਪਿੰਡ ਮਾਣਾ ਦੇ ਸਰਹੱਦੀ ਖੇਤਰ ਵਿੱਚ ਕੰਮ ਕਰ ਰਹੇ ਸਨ। ਮਾਣਾ ਪਿੰਡ ਚੀਨ ਵਾਲੇ ਪਾਸੇ ਭਾਰਤ ਦਾ ਆਖਰੀ ਪਿੰਡ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਆਈ ਟੀ ਬੀ ਪੀ ਅਤੇ ਫੌਜ ਦੇ ਜਵਾਨ ਬਚਾਅ ਕਾਰਜ ਵਿੱਚ ਲੱਗੇ ਹੋਏ ਹਨ।

ਬੀ ਆਰ ਓ ਦੇ ਕਾਰਜਕਾਰੀ ਇੰਜੀਨੀਅਰ ਸੀ ਆਰ ਮੀਣਾ ਨੇ ਕਿਹਾ ਕਿ ਭਾਰੀ ਬਰਫਬਾਰੀ ਕਾਰਨ ਬਚਾਅਕਾਰੀ ਟੀਮ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਡਿਜ਼ਾਸਟਰ ਮੈਨੇਜਮੈਂਟ ਦੇ ਸੈਕਟਰੀ ਵਿਨੋਦ ਕੁਮਾਰ ਸੁਮਨ ਨੇ ਦੱਸਿਆ ਕਿ ਸਥਿਤੀ ਨਾਜ਼ੁਕ ਹੈ, ਕਿਉਂਕਿ ਉੱਥੇ 6-7 ਫੁੱਟ ਬਰਫ ਹੈ। 65 ਬੰਦਿਆਂ ਦੀ ਟੀਮ ਬਚਾਉਣ ਦੇ ਜਤਨ ਕਰ ਰਹੀ ਹੈ। ਤਿੰਨ-ਚਾਰ ਐਂਬੂਲੈਂਸਾਂ ਘੱਲੀਆਂ ਗਈਆਂ ਹਨ। ਮਾਣਾ ਦੱਰਾ ਬਦਰੀਨਾਥ ਧਾਮ ਦੇ 52 ਕਿੱਲੋਮੀਟਰ ਉੱਤਰ ਵਿੱਚ ਹੈ ਅਤੇ ਦੇਹਰਾਦੂਨ ਤੋਂ 310 ਕਿੱਲੋਮੀਟਰ ਦੂਰ ਹੈ। ਬਰਫਬਾਰੀ ਤੇ ਮੀਂਹ ਕਰਕੇ ਹਿਮਾਚਲ ਵਿੱਚ ਦੋ ਸੌ ਤੋਂ ਵੱਧ ਸੜਕਾਂ ਬੰਦ ਹੋ ਗਈਆਂ ਹਨ ਤੇ ਬਿਜਲੀ-ਪਾਣੀ ਜਿਹੀਆਂ ਜ਼ਰੂਰੀ ਸੇਵਾਵਾਂ ਅਸਰਅੰਦਾਜ਼ ਹੋਈਆਂ ਹਨ। ਕੁੱਲੂ, ਲਾਹੌਲ ਤੇ ਸਪਿਤੀ, ਕਨੌਰ ਅਤੇ ਚੰਬਾ

ਕੁੱਲੂ

ਜ਼ਿਲ੍ਹਿਆਂ ਦੇ ਕਈ ਇਲਾਕੇ ਬਾਕੀ ਸੂਬੇ ਨਾਲੋਂ ਕੱਟੇ ਗਏ ਹਨ। ਸ਼ਿਮਲਾ ਜ਼ਿਲ੍ਹੇ ਵਿੱਚ ਨਾਰਕੰਡਾ ਨੇੜੇ ਰਾਸ਼ਟਰੀ ਰਾਜਮਾਰਗ 5 (ਹਿੰਦੁਸਤਾਨ-ਤਿੱਬਤ ਰੋਡ) ਬੰਦ ਕਰਨਾ ਪਿਆ। ਜੀਰਾ ਨਾਲਾ ਵਿੱਚ ਇੱਕ ਨਕਲੀ ਝੀਲ ਬਣਨ ਕਾਰਨ ਕੁੱਲੂ ਜ਼ਿਲ੍ਹੇ 'ਚ ਮਨੀਕਰਨ ਘਾਟੀ ਦੇ ਤੋਸ਼ ਪਿੰਡ ਵਿੱਚ ਅਚਾਨਕ ਹੜ੍ਹ ਦੇ ਖਤਰੇ ਕਰਕੇ ਲੋਕ ਦਹਿਸ਼ਤ ਵਿੱਚ ਹਨ। ਨਾਲੇ ਦੇ ਨਾਲ ਹੇਠਲੇ ਪਾਸੇ ਰਹਿੰਦੇ ਲੋਕਾਂ ਨੂੰ ਉਥੋਂ ਕੱਢ ਕੇ ਸੁਰੱਖਿਅਤ ਟਿਕਾਣਿਆਂ 'ਤੇ ਤਬਦੀਲ ਕੀਤਾ ਗਿਆ ਹੈ।

ਸੁਣਵਾਈ 19 ਤੋਂ ਬਾਅਦ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਕੇਂਦਰ ਅਤੇ ਅੰਦੋਲਨਕਾਰੀ ਕਿਸਾਨਾਂ ਦਰਮਿਆਨ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਮੇਤ ਕਈ ਮੰਗਾਂ ਨੂੰ ਲੈ ਕੇ ਦੋ ਦੌਰ ਦੀ ਗੱਲਬਾਤ ਨੂੰ ਦੇਖਦੇ ਹੋਏ ਸੁਣਵਾਈ ਮੁਲਤਵੀ ਕਰ ਦਿੱਤੀ। ਕੋਰਟ ਨੇ ਕਿਹਾ ਕਿ ਦੋਵਾਂ ਧਿਰਾਂ ਦਰਮਿਆਨ 19 ਮਾਰਚ ਨੂੰ ਤੀਜੇ ਦੌਰ ਦੀ ਗੱਲਬਾਤ ਹੋਵੇਗੀ, ਲਿਹਾਜ਼ਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰਾਉਣ ਬਾਰੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਖਿਲਾਫ ਮਾਣਹਾਨੀ ਦੀ ਕਾਰਵਾਈ ਦੀ ਮੰਗ ਵਾਲੀਆਂ ਪਟੀਸ਼ਨਾਂ ਸਮੇਤ ਹੋਰਨਾਂ 'ਤੇ 19 ਮਾਰਚ ਤੋਂ ਬਾਅਦ ਸੁਣਵਾਈ ਕੀਤੀ ਜਾਵੇਗੀ।

ਮਾਂ-ਬੋਲੀ ਤੇ ਪੰਜਾਬੀ ਸੱਭਿਆਚਾਰ 'ਤੇ ਸੰਘੀ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ : ਸੀ ਪੀ ਆਈ

ਚੰਡੀਗੜ੍ਹ : ਸੀ ਬੀ ਐੱਸ ਸੀ ਨੇ ਆਪਣੇ ਖਰੜੇ ਵਿਚ 10ਵੀਂ ਦੇ ਇਮਤਿਹਾਨ ਵਿਚੋਂ ਪੰਜਾਬੀ ਭਾਸ਼ਾ ਨੂੰ ਇਕ ਖੇਤਰੀ ਭਾਸ਼ਾ ਵੱਲੋਂ ਜ਼ਿਕਰ ਨਾ ਕਰਨ 'ਤੇ ਪੰਜਾਬ ਸੀ ਪੀ ਆਈ ਨੇ ਕੇਂਦਰ ਸਰਕਾਰ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਿਆਂ ਕਰਦਿਆਂ ਇਸ ਨੂੰ ਸਮੁੱਚੇ ਪੰਜਾਬੀ ਸੱਭਿਆਚਾਰ 'ਤੇ ਹਮਲਾ ਦੱਸਿਆ ਹੈ, ਜਿਸ ਨੂੰ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸੀ ਪੀ ਆਈ ਹੈੱਡਕੁਆਰਟਰ ਤੋਂ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਜਾਰੀ ਕੀਤੇ ਬਿਆਨ ਵਿਚ ਕੇਂਦਰ ਦੀ ਮੋਦੀ ਸਰਕਾਰ ਦੀ ਨਿੰਦਿਆ ਕਰਦਿਆਂ ਇਸ 'ਤੇ ਆਰ ਐੱਸ ਐੱਸ ਦੀ ਫਿਰਕੂ ਅਤੇ ਫਾਸ਼ੀ ਏਜੰਡੇ ਨੂੰ ਇਕ ਦੇਸ਼ ਇਕ ਭਾਸ਼ਾ ਨੂੰ ਲਾਗੂ ਕਰਨ ਦੀ ਸਾਜ਼ਿਸ਼ ਆਖਿਆ ਹੈ।

ਸੀ ਪੀ ਆਈ ਨੇ ਆਖਿਆ ਹੈ ਕਿ ਭਾਰਤ ਇਕ ਬਹੁ-ਪੱਖੀ ਭਾਸ਼ਾਈ ਅਤੇ ਬਹੁ-ਪੱਖੀ ਸੱਭਿਆਚਾਰਕ ਦੇਸ਼ ਹੈ, ਪਰ ਕੇਂਦਰ ਸਰਕਾਰ ਇਸ ਮਹਾਨ ਸੱਭਿਆਚਾਰ ਅਤੇ ਸੈਂਕੜੇ ਖੇਤਰੀ ਭਾਸ਼ਾਵਾਂ ਨੂੰ ਖਤਮ ਕਰਨਾ ਚਾਹੁੰਦੀ ਹੈ।

ਸੀ ਪੀ ਆਈ ਨੇ ਪੰਜਾਬ ਸਰਕਾਰ ਵੱਲੋਂ ਲਏ ਸਟੈਂਡ ਦੀ ਹਮਾਇਤ ਕੀਤੀ ਹੈ, ਜਿਸ ਵਿਚ ਦਸਵੀਂ ਜਮਾਤ ਦੇ ਇਮਤਿਹਾਨਾਂ ਵਿਚ ਪੰਜਾਬੀ ਇਕ ਲਾਜ਼ਮੀ ਮਜ਼ਮੂਨ ਰੱਖਣ ਦਾ ਫੈਸਲਾ ਕੀਤਾ ਹੈ।

ਸੀ ਪੀ ਆਈ ਨੇ ਸਾਰੇ ਭਾਰਤ ਦੀਆਂ ਖੇਤਰੀ ਪਾਰਟੀਆਂ ਖਾਸ ਕਰਕੇ ਤਾਮਿਲਨਾਡੂ ਸਰਕਾਰ ਦੇ ਸਟੈਂਡ ਦੀ ਭਰਪੂਰ ਸ਼ਲਾਘਾ ਕੀਤੀ ਹੈ, ਜਿਸ ਵਿਚ ਖੇਤਰੀ ਭਾਸ਼ਾਵਾਂ ਨੂੰ ਆਪਣੇ-ਆਪਣੇ ਪ੍ਰਾਂਤਾਂ ਵਿਚ ਪਹਿਲ ਦੇ ਆਧਾਰ 'ਤੇ ਮਾਨਤਾ ਦੇਣ ਦੀ ਗੱਲ ਪੂਰੇ ਜ਼ੋਰ ਨਾਲ ਕਹੀ ਗਈ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਪਾਰਟੀ ਹਿੰਦੀ, ਅੰਗਰੇਜ਼ੀ ਜਾਂ ਹੋਰਨਾਂ ਭਾਸ਼ਾਵਾਂ ਦੀ ਕਦਰ ਕਰਦੀ ਹੈ, ਪਰ ਰਿਜਨਲ ਜਾਂ ਖੇਤਰੀ ਮਾਂ-ਬੋਲੀਆਂ ਦਾ ਨਿਰਾਦਰ ਕਰਕੇ ਹੋਰਨਾਂ ਭਾਸ਼ਾਵਾਂ ਨੂੰ ਠੋਸਣ ਨੂੰ ਕਿਸੇ ਪ੍ਰਕਾਰ ਵੀ ਸਹਿਣ ਨਹੀਂ ਕੀਤਾ ਜਾ ਸਕਦਾ। ਸੀ ਪੀ ਆਈ ਨੇ ਪੰਜਾਬ ਦੀਆਂ ਸਮੂਹ ਰਾਜਸੀ, ਸੱਭਿਆਚਾਰਕ ਅਤੇ ਅਵਾਮੀ ਜਥੇਬੰਦੀਆਂ ਅਤੇ ਖਾਸ ਕਰਕੇ ਪੰਜਾਬ ਸਰਕਾਰ ਨੂੰ ਕੇਂਦਰ ਦੀਆਂ ਫਿਰਕੂ, ਫਾਸ਼ੀ ਨੀਤੀਆਂ ਦਾ ਪੂਰੀ ਸ਼ਕਤੀ ਨਾਲ ਵਿਰੋਧ ਕਰਨ ਦੀ ਅਪੀਲ ਕੀਤੀ ਹੈ।

ਸਕੂਲ ਲਾਇਬ੍ਰੇਰੀਆਂ ਲਈ 15 ਕਰੋੜ ਜਾਰੀ : ਬੈਂਸ

ਚੰਡੀਗੜ੍ਹ (ਗੁਰਜੀਤ ਬਿੱਲਾ)-ਸੂਬੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਪੜ੍ਹਨ ਦੀ ਆਦਤ ਪੈਦਾ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਕਿਤਾਬਾਂ ਖਰੀਦਣ ਵਾਸਤੇ 15 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਰਕਾਰ ਵੱਲੋਂ ਸੂਬੇ ਦੇ ਹਰੇਕ ਪ੍ਰਾਇਮਰੀ ਸਕੂਲ ਲਈ 5,000 ਰੁਪਏ, ਹਰੇਕ ਮਿਡਲ ਸਕੂਲ ਲਈ 13,000 ਰੁਪਏ, ਜਦੋਂਕਿ ਹਰੇਕ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਲਈ 15,000 ਰੁਪਏ ਅਲਾਟ ਕੀਤੇ ਗਏ ਹਨ।ਸਕੂਲ ਸਿੱਖਿਆ ਮੰਤਰੀ ਨੇ ਕਿਹਾ ਕਿ ਇਹਨਾਂ ਕਿਤਾਬਾਂ ਦੀ ਖਰੀਦ ਲਈ ਸੂਚੀ ਤਿਆਰ ਕਰਨ ਵਾਸਤੇ ਮਾਹਰਾਂ ਦੀ ਇੱਕ ਸੂਬਾ ਪੱਧਰੀ ਕਮੇਟੀ ਗਠਿਤ ਕੀਤੀ ਗਈ ਹੈ।

ਜਾਵੇਦ ਜੀ, ਬਹੁਤ ਚੰਗੇ ਨੇ : ਕੰਗਣਾ

ਮੁੰਬਈ : ਕੰਗਣਾ ਰਣੌਤ ਤੇ ਜਾਵੇਦ ਅਖਤਰ ਵਿਚਾਲੇ ਪੰਜ ਸਾਲ ਤੋਂ ਚੱਲ ਰਿਹਾ ਮਾਣਹਾਨੀ ਕੇਸ ਸ਼ੁੱਕਰਵਾਰ ਖਤਮ ਹੋ ਗਿਆ, ਜਦੋਂ ਕੰਗਣਾ ਨੇ ਬਾਂਦਰਾ ਕੋਰਟ ਵਿੱਚ ਦਾਖਲ ਆਪਣੇ ਬਿਆਨ 'ਚ ਕਿਹਾ—ਮੇਰੀ ਵਜ੍ਹਾ ਨਾਲ ਉਨ੍ਹਾ (ਜਾਵੇਦ) ਨੂੰ ਜੋ ਤਕਲੀਫ ਹੋਈ, ਉਸ ਲਈ ਮੈਂ ਮੁਆਫੀ ਮੰਗਦੀ ਹਾਂ।

ਜਾਵੇਦ ਨੇ ਕੰਗਣਾ ਖਿਲਾਫ 2020 ਵਿੱਚ ਇਸ ਕਰਕੇ ਮਾਣਹਾਨੀ ਕੇਸ ਕੀਤਾ ਸੀ ਕਿ ਕੰਗਣਾ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਜਾਵੇਦ ਨੇ ਫਿਲਮ 'ਕ੍ਰਿਸ਼ 3' ਦੌਰਾਨ ਉਸ ਨੂੰ ਰਾਕੇਸ਼ ਰੌਸ਼ਨ ਤੇ ਉਨ੍ਹਾ ਦੇ ਪਰਵਾਰ ਨਾਲ ਸਮਝੌਤਾ ਕਰਨ ਦੀ ਗੱਲ ਕਹੀ ਸੀ। ਉਦੋਂ ਕੰਗਣਾ ਤੇ ਰਿਤਿਕ ਰੌਸ਼ਨ ਵਿਚਾਲੇ ਅਫੇਅਰ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ।

ਹੁਣ ਕੰਗਣਾ ਨੇ ਇੰਸਟਾਗ੍ਰਾਮ 'ਤੇ ਕਿਹਾ

ਹੈ—ਅੱਜ ਮੈਂ ਤੇ ਜਾਵੇਦ ਜੀ ਨੇ ਮਾਣਹਾਨੀ ਕੇਸ ਵਿੱਚ ਸੁਲ੍ਹਾ ਕਰ ਲਈ ਹੈ। ਜਾਵੇਦ ਜੀ, ਬਹੁਤ ਚੰਗੇ ਹਨ ਤੇ ਉਨ੍ਹਾ ਮੇਰੀ ਬਤੌਰ ਡਾਇਰੈਕਟਰ ਅਗਲੀ ਫਿਲਮ ਲਈ ਗਾਣੇ ਲਿਖਣ ਲਈ ਵੀ ਹਾਂ ਕਰ ਦਿੱਤੀ ਹੈ। ਕੋਰਟ ਵਿੱਚ ਇੱਕ ਘੰਟਾ ਚੱਲੀ ਸੁਣਵਾਈ ਦੌਰਾਨ ਕੰਗਣਾ ਤੇ ਜਾਵੇਦ ਮੌਜੂਦ ਸਨ।

● ਬਾਕੀ ਸਫ਼ਾ 2 'ਤੇ

ਸ਼ੇਅਰ ਬਾਜ਼ਾਰ ਦਾ ਬੁਰਾ ਹਾਲ

ਮੁੰਬਈ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਤੇ ਮੈਕਸੀਕੋ 'ਤੇ 4 ਮਾਰਚ ਤੋਂ ਟੈਕਸ ਲਾਉਣ ਅਤੇ ਚੀਨ ਤੋਂ ਦਰਾਮਦ ਵਸਤਾਂ 'ਤੇ ਦਸ ਫੀਸਦੀ ਵਾਧੂ ਟੈਕਸ ਲਾਉਣ ਦੇ ਐਲਾਨ ਮਗਰੋਂ ਆਲਮੀ ਪੱਧਰ 'ਤੇ ਬਾਜ਼ਾਰਾਂ ਵਿੱਚ ਭਾਰੀ ਗਿਰਾਵਟ ਨੂੰ ਦਰਸਾਉਂਦੇ ਹੋਏ ਬੈਂਚਮਾਰਕ ਸੂਚਕ ਸੈਂਸੇਕਸ ਅਤੇ ਨਿਫਟੀ ਸ਼ੁੱਕਰਵਾਰ ਲਗਭਗ 2 ਫੀਸਦੀ ਡਿੱਗ ਗਏ। ਬੀ ਐੱਸ ਈ ਦਾ 30 ਸ਼ੇਅਰਾਂ ਵਾਲਾ ਬੈਂਚਮਾਰਕ ਸੈਂਸੇਕਸ 1,414.33 ਅੰਕ ਜਾਂ 1.90 ਫੀਸਦੀ ਡਿੱਗ ਕੇ 73,198.10 'ਤੇ ਬੰਦ ਹੋਇਆ। ਦਿਨ ਦੌਰਾਨ ਇਹ 1,471.16 ਅੰਕ ਜਾਂ 1.97 ਫੀਸਦੀ ਡਿੱਗ ਕੇ 73,141.27 'ਤੇ ਆ ਗਿਆ ਸੀ। ਲਗਾਤਾਰ ਅੱਠਵੇਂ ਦ

1-MAR-PAGE-1.qxd 2/28/2025 10:48 PM Page 2

ਕਾਂਗਰਸ ਆਗੂ ਸੁਖਦੀਪ ਕੌਰ ਸੁੱਖੀ ਭਾਜਪਾ 'ਚ ਸ਼ਾਮਲ

ਮੋਗਾ (ਇਕਬਾਲ ਸਿੰਘ ਖਹਿਰਾ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਤੇ ਲੋਕਾਂ ਨੂੰ ਜ਼ਮੀਨੀ ਪੱਧਰ 'ਤੇ ਉਨ੍ਹਾਂ ਨੀਤੀਆਂ ਦਾ ਲਾਭ ਮਿਲ ਰਿਹਾ ਹੈ, ਇਸ ਲਈ ਅੱਜ ਹੋਰ ਰਾਜਨੀਤਕ ਪਾਰਟੀਆਂ ਦੇ ਆਗੂ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ। ਉਪਰੋਕਤ ਵਿਚਾਰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮੰਤ ਗਰਗ ਨੇ ਪੁਰਾਣੀ ਦਾਣਾ ਮੰਡੀ ਸਥਿਤ ਭਾਜਪਾ ਜ਼ਿਲ੍ਹਾ ਦਫਤਰ ਵਿਖੇ ਕਾਂਗਰਸ ਪਾਰਟੀ ਦੀ ਆਗੂ ਸੁਖਦੀਪ ਕੌਰ ਸੁੱਖੀ ਭੇਖਾ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਮੌਕੇ ਪ੍ਰਗਟ ਕੀਤੇ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਮੁਖਤਿਆਰ ਸਿੰਘ, ਸਾਬਕਾ ਐੱਸ.ਪੀ., ਦਵਿੰਦਰ ਸਿੰਘ, ਜਤਿੰਦਰ ਸਿੰਘ, ਮੀਨਾ ਕੋਹਲੀ, ਪੰਕਜ ਸੂਦ, ਜਤਿੰਦਰ ਚੱਢਾ, ਹੇਮੰਤ ਸੂਦ, ਸੁੱਖਾ ਸਿੰਘ ਆਦਿ ਹਾਜ਼ਰ ਸਨ। ਡਾ. ਸੀਮੰਤ ਗਰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦੇਸ਼ ਦੇ ਗਰੀਬ ਤੇ ਲੋੜਵੰਦ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਦੇ ਕੇ ਇਤਿਹਾਸ ਰਚ ਦਿੱਤਾ ਹੈ। ਉਨ੍ਹਾ ਕਿਹਾ ਕਿ 2027 ਵਿੱਚ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਾਉਣ ਲਈ ਭਾਜਪਾ ਅਧਿਕਾਰੀਆਂ ਤੇ ਵਰਕਰਾਂ ਨੂੰ ਪ੍ਰਧਾਨ ਮੰਤਰੀ ਦੀਆਂ ਯੋਜਨਾਵਾਂ ਬਾਰੇ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਡਬਲ ਇੰਜਣ ਸਰਕਾਰ ਲਿਆਏ ਬਿਨਾਂ ਪੰਜਾਬ ਦੀ ਆਰਥਿਕ ਹਾਲਤ ਵਿੱਚ ਸੁਧਾਰ ਨਹੀਂ ਹੋ ਸਕਦਾ ਤੇ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਆਰਥਿਕ ਤੌਰ 'ਤੇ ਮਜ਼ਬੂਤ ਹੋਵੇਗਾ ਤੇ ਪੰਜਾਬ ਵਿੱਚ ਨਵੇਂ ਉਦਯੋਗ ਆਉਣਗੇ ਅਤੇ ਪੰਜਾਬ ਵਿੱਚੋਂ ਬੇਰੁਜ਼ਗਾਰੀ ਦਾ ਖਾਤਮਾ ਹੋਵੇਗਾ। ਇਸ ਮੌਕੇ ਭਾਜਪਾ ਵਿੱਚ ਸ਼ਾਮਲ ਹੋਈ ਕਾਂਗਰਸੀ ਆਗੂ ਸੁਖਦੀਪ ਕੌਰ ਸੁੱਖੀ ਨੇ ਕਿਹਾ ਕਿ ਉਹ ਪਿੰਡਾਂ ਵਿੱਚ ਭਾਜਪਾ ਨੂੰ ਮਜ਼ਬੂਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੇਗੀ ਤੇ ਪਾਰਟੀ ਉਨ੍ਹਾਂ ਨੂੰ ਜੋ ਵੀ ਸੇਵਾ ਦੇਵੇਗੀ, ਉਹ ਤਨ, ਮਨ ਤੇ ਧਨ ਨਾਲ ਕਰੇਗੀ।

ਨਰੇਗਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸੰਬੰਧੀ ਵਿਧਾਇਕ ਗੋਲਡੀ ਨੂੰ ਦਿੱਤਾ ਮੰਗ ਪੱਤਰ

■ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਵਾਅਦਾ ਪੂਰਾ ਕਰੇ : ਯੂਨੀਅਨ

ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)-ਆਪਣੀਆਂ ਸੇਵਾਵਾਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਰੈਗੂਲਰ ਕਰਵਾਉਣ ਲਈ ਪਿਛਲੇ ਲਗਭਗ 16 ਸਾਲਾਂ ਤੋਂ ਸੰਘਰਸ਼ ਕਰ ਰਹੇ ਨਰੇਗਾ ਮੁਲਾਜ਼ਮਾਂ ਦੀ ਜਥੇਬੰਦੀ ਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਦੇ ਫੈਸਲੇ ਤਹਿਤ ਬਲਾਕ ਜਲਾਲਾਬਾਦ ਇਕਾਈ ਵੱਲੋਂ ਇੱਥੇ ਹਲਕਾ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੂੰ ਮੰਗ ਪੱਤਰ ਦਿੱਤਾ ਗਿਆ। ਹਲਕਾ ਵਿਧਾਇਕ ਵੱਲੋਂ ਮੁਲਾਜ਼ਮਾਂ ਦਾ ਮੁੱਦਾ ਮੁੱਖ ਮੰਤਰੀ ਪੰਜਾਬ ਨਾਲ ਉਠਾਉਣ ਦਾ ਭਰੋਸਾ ਦਿੱਤਾ ਗਿਆ। ਉਪਰੰਤ ਯੂਨੀਅਨ ਦੇ ਸੂਬ ਜਨਰਲ ਸਕੱਤਰ ਅਮ੍ਰਿਤਪਾਲ ਸਿੰਘ ਤੇ ਬਲਾਕ ਪ੍ਰਧਾਨ ਗੁਰਮੀਤ ਸਿੰਘ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਪਾਲਸੀਆਂ ਬਣਾਉਣ ਦਾ ਬਹਾਨਾ ਬਣਾ ਕੇ ਸਿਰਫ਼ ਤੇ ਸਿਰਫ਼ ਵਰਤਿਆ ਹੀ ਗਿਆ ਹੈ। ਵਾਰ-ਵਾਰ ਕੈਬਨਿਟ ਸਬ ਕਮੇਟੀਆਂ ਬਣਾ ਕੇ ਪੰਜ ਸਾਲ ਨਰੇਗਾ ਮੁਲਾਜ਼ਮਾਂ ਨੂੰ ਲਾਰਿਆਂ ਵਿੱਚ ਹੀ ਉਲਝਾਇਆ ਜਾਂਦਾ ਰਿਹਾ ਹੈ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਪਿਛਲੀਆਂ ਸਰਕਾਰਾਂ ਵਾਂਗ ਹੀ ਨਰੇਗਾ ਮੁਲਾਜ਼ਮਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਦੱਬ ਕੇ ਇਸਤੇਮਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਰੈਗੂਲਰ ਕਰਨਾ ਤਾਂ ਦੂਰ ਅਜੇ ਤੱਕ ਵੀ ਨਰੇਗਾ ਮੁਲਾਜ਼ਮਾਂ ਨੂੰ ਜਿੱਥੇ ਗੁਜ਼ਾਰੇ ਜੋਗੀ ਤਨਖ਼ਾਹ ਵੀ ਨਹੀਂ ਦਿੱਤੀ ਜਾ ਰਹੀ, ਉਥੇ ਨਾ ਤਾਂ ਕੋਈ ਮੈਡੀਕਲ ਸਹੂਲਤ ਮਿਲਦੀ ਹੈ, ਨਾ ਮੌਤ ਉਪਰੰਤ ਵਾਰਿਸਾਂ ਨੂੰ ਕੋਈ ਮੁਆਵਜ਼ਾ ਮਿਲਦਾ ਹੈ, ਨਾ ਹੀ ਨੌਕਰੀ ਮਿਲਦੀ ਹੈ, ਗੰਭੀਰ ਤੋਂ ਗੰਭੀਰ ਬਿਮਾਰੀ ਦੌਰਾਨ ਜਾਂ ਐਕਸੀਡੈਂਟ ਦੌਰਾਨ ਵੀ ਕੋਈ ਇਲਾਜ ਲਈ ਸਹਾਇਤਾ ਨਹੀਂ ਦਿੱਤੀ ਜਾਂਦੀ। ਇਸ ਲਈ ਨਰੇਗਾ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। 5 ਤੋਂ 7 ਮਾਰਚ ਤੱਕ ਨਰੇਗਾ ਮੁਲਾਜ਼ਮਾਂ ਨਾਲ ਸੰਬੰਧਤ ਹਰ ਤਰ੍ਹਾਂ ਦੇ ਕੰਮ ਮੁਕੰਮਲ ਬੰਦ ਕਰਕੇ ਬਲਾਕ ਪੱਧਰੀ ਰੋਸ ਧਰਨੇ ਦਿੱਤੇ ਜਾਣਗੇ। ਜੇਕਰ ਫਿਰ ਵੀ ਸਰਕਾਰ ਵੱਲੋਂ ਕੋਈ ਸੁਣਵਾਈ ਨਾ ਹੋਈ ਤਾਂ 9 ਮਾਰਚ 2025 ਨੂੰ ਪੰਜਾਬ ਪੱਧਰ ਦੀ ਮੀਟਿੰਗ ਬੁਲਾ ਕੇ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ। ਇਸ ਸਮੇਂ ਏਪੀਓ ਸੰਦੀਪ ਕੁਮਾਰ, ਹਰਪ੍ਰੀਤ ਸਿੰਘ ਕੰਪਿਊਟਰ ਸਹਾਇਕ ਜਸਵੀਰ ਸਿੰਘ, ਗੁਰਮੀਤ ਸਿੰਘ, ਬਲਦੇਵ ਸਿੰਘ, ਕੁਲਵਿੰਦਰ ਸਿੰਘ, ਸੁਰਿੰਦਰ ਸਿੰਘ, ਮੰਗਤ ਸਿੰਘ, ਬਗੀਚਾ ਸਿੰਘ ਆਦਿ ਹਾਜ਼ਰ ਸਨ।

ਸ਼ਹੀਦ ਭਗਤ ਸਿੰਘ ਸਟੇਟ 'ਵਰਸਿਟੀ ਵਿਖੇ ਏ ਆਈ ਬਾਰੇ ਭਾਸ਼ਣ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਦੇ ਕੈਰੀਅਰ ਡਿਵੈਲਪਮੈਂਟ ਸੈੱਲ ਨੇ ਵਾਈਸ ਚਾਂਸਲਰ ਪ੍ਰੋ. (ਡਾ.) ਸੁਸ਼ੀਲ ਮਿੱਤਲ ਦੀ ਯੋਗ ਅਗਵਾਈ ਹੇਠ ਪੰਜਾਬ ਏਆਈ ਐਕਸੀਲੈਂਸ ਦੇ ਕੋਆਰਡੀਨੇਟਰ ਡਾ. ਸੰਦੀਪ ਸਿੰਘ ਸੰਧਾ ਦੁਆਰਾ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) 'ਤੇ ਮਾਹਰ ਭਾਸ਼ਣ ਕਰਵਾਇਆ ਗਿਆ। ਡਾ. ਸੰਦੀਪ ਸਿੰਘ ਸੰਧਾ ਇੱਕ ਪ੍ਰਸਿੱਧ ਏ ਆਈ ਮਾਹਰ ਹਨ, ਜਿਨ੍ਹਾਂ ਕੋਲ ਚੋਟੀ ਦੀਆਂ ਤਕਨੀਕੀ ਕੰਪਨੀਆਂ ਵਿੱਚ ਪ੍ਰਮੁੱਖ ਏ ਆਈ ਟੀਮਾਂ ਦਾ ਤਜਰਬਾ ਹੈ।ਉਸ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਏ ਆਈ ਦੀ ਰੋਮਾਂਚਕ ਦੁਨੀਆ ਨਾਲ ਜਾਣੂ ਕਰਵਾਇਆ।ਇੱਕ ਘੰਟੇ ਦਾ ਏ ਆਈ ਓਰੀਐਂਟੇਸ਼ਨ ਪ੍ਰੋਗਰਾਮ 25 ਫਰਵਰੀ 2025 ਨੂੰ ਕੀਤਾ ਗਿਆ ਸੀ।ਭਾਸ਼ਣ ਦਾ ਵਿਸ਼ਾ ਸੀ ਬਿਲਡਿੰਗ ਤੇ ਰਨਿੰਗ ਲਾਰਜ ਲੈਂਗੂਏਜ ਮਾਡਲ (ਚੈਟਜੀਪੀਟੀ, ਚੈਟਬੋਟਸ ਤੇ ਕਸਟਮ ਐੱਲ ਐੱਲ ਐੱਮ)।ਵਿਦਿਆਰਥੀਆਂ ਨੂੰ ਨਵੇਂ ਐੱਲ ਐੱਲ ਐੱਮ ਬਣਾਉਣ ਦੇ ਇਸ ਵੱਡਮੁੱਲੇ ਗਿਆਨ ਨਾਲ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਦੇ ਪ੍ਰੋਫਾਈਲਾਂ ਨੂੰ ਵਧਾਇਆ ਤੇ ਉਨ੍ਹਾਂ ਵਿੱਚ ਇਸ ਬਾਰੇ ਜਾਗਰੂਕਤਾ ਵੀ ਪੈਦਾ ਕੀਤੀ ਕਿ ਉਹ ਆਪਣੇ ਆਪ ਨੂੰ ਉਦਯੋਗ ਲਈ ਕਿਵੇਂ ਤਿਆਰ ਕਰ ਸਕਦੇ ਹਨ।ਸੀਵੀ ਰਮਨ ਹਾਲ ਵਿੱਚ ਹੋਏ ਇਸ ਸਮਾਗਮ ਵਿੱਚ ਯੂਨੀਵਰਸਿਟੀ ਦੇ ਵੱਖ ਵੱਖ ਇੰਜਨੀਅਰਿੰਗ ਸਟਰੀਮ ਦੇ ਪਹਿਲੇ ਸਾਲ ਤੇ ਦੂਜੇ ਸਾਲ ਦੇ ਵਿਦਿਆਰਥੀਆਂ ਨੇ ਭਾਗ ਲਿਆ।ਡਾਕਟਰ ਸੰਦੀਪ ਸਿੰਘ ਸੰਧਾ ਤੇ ਉਨ੍ਹਾਂ ਦੀ ਟੀਮ ਵੱਲੋਂ ਮਾਹਰ ਭਾਸ਼ਣ ਸਫਲਤਾਪੂਰਵਕ ਪੇਸ਼ ਕੀਤਾ ਗਿਆ।ਈਵੈਂਟ ਦੀ ਸਮਾਪਤੀ ਲਈ, ਇੱਕ ਹੋਰ ਟੀਮ ਮੈਂਬਰ, ਡਾ. ਇੰਦਰਜੋਤ ਕੌਰ ਦੁਆਰਾ ਦਿੱਤਾ ਗਿਆ ਇੱਕ ਪ੍ਰੇਰਣਾਦਾਇਕ ਭਾਸ਼ਣ, ਵਿਦਿਆਰਥੀਆਂ ਵਿੱਚ ਜੋਸ਼ ਭਰ ਗਿਆ ਤੇ ਉਨ੍ਹਾਂ ਨੂੰ ਆਪਣੇ ਕੈਰੀਅਰ ਦੇ ਵਿਕਾਸ ਨੂੰ ਵਧਾਉਣ ਲਈ ਏ ਆਈ ਨੂੰ ਵਿਕਸਤ ਕਰਨ ਤੇ ਵਰਤਣ ਲਈ ਪ੍ਰੇਰਿਤ ਕੀਤਾ। ਡਾ. ਗਜ਼ਲ ਪ੍ਰੀਤ ਅਰਨੇਜਾ ਯੂਨੀਵਰਸਿਟੀ ਦੇ ਰਜਿਸਟਰਾਰ ਨੇ ਸ਼ਾਨਦਾਰ ਸੈਸ਼ਨ ਲਈ ਕੈਰੀਅਰ ਡਿਵੈਲਪਮੈਂਟ ਸੈੱਲ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾ ਡਾ. ਤੇਜੀਤ ਸਿੰਘ ਕੋਆਰਡੀਨੇਟਰ ਸੀਡੀਸੀ, ਕੋ-ਕੋਆਰਡੀਨੇਟਰ ਇੰਦਰਜੀਤ ਸਿੰਘ ਗਿੱਲ ਤੇ ਰਿਤੇਸ਼ ਉੱਪਲ ਨੂੰ ਵਿਦਿਆਰਥੀਆਂ ਦੇ ਭਲੇ ਲਈ ਅਜਿਹੇ ਸ਼ਾਨਦਾਰ ਸਮਾਗਮ ਲਈ ਵਧਾਈ ਦਿੱਤੀ। ਇਸ ਮੌਕੇ ਡਾ. ਸੰਨੀ ਬਹਿਲ, ਡਾ. ਵਿਕਰਮ ਮੁਤਨੇਜਾ, ਜਪਿੰਦਰ ਸਿੰਘ, ਨਵਤੇਜ ਸਿੰਘ, ਬਿੰਦੂ ਬਾਲਾ, ਚੱਕਸ਼ੂ ਗੋਇਲ, ਯੁਗਰਾਜ ਸਿੰਘ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

ਚੱਲਦੀ ਕਾਰ ਨੂੰ ਲੱਗੀ ਅੱਗ

ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)-ਡੱਬਵਾਲੀ ਤੋਂ ਮਲੋਟ ਵੱਲ ਆ ਰਹੀ ਕਾਰ ਨੂੰ ਪਿੰਡ ਮਹਿਣਾ ਕੋਲ ਤਾਰ ਸਪਾਰਕ ਹੋਣ ਕਰਕੇ ਅੱਗ ਲੱਗ ਗਈ, ਜਿਸ ਵਿੱਚ ਦੋ ਵਿਆਕਤੀ ਸਵਾਰ ਸਨ, ਜਿਨ੍ਹਾਂ ਨੂੰ ਲੋਕਾਂ ਨੇ ਸਹੀ ਸਲਾਮਤ ਕਾਰ ਵਿੱਚੋਂ ਬਾਹਰ ਕੱਢ ਲਿਆ। ਲੋਕਾਂ ਨੇ ਬੜੀ ਮੁਸ਼ਕਲ ਨਾਲ ਅੱਗ 'ਤੇ ਕਾਬੂ ਪਾਇਆ। ਅੱਗ ਲੱਗਣ ਨਾਲ ਕਾਰ ਦਾ ਨੁਕਸਾਨ ਹੋ ਗਿਆ, ਜਦਕਿ ਚਾਲਕ ਦਾ ਬਚਾਅ ਹੋ ਗਿਆ।

ਚੇਅਰਮੈਨ ਬਰਸਟ ਨੇ ਡੇਰਾ ਬਿਆਸ ਮੁਖੀ ਨਾਲ ਕੀਤੀ ਮੁਲਾਕਾਤ

ਸਮਾਣਾ (ਇਕਬਾਲ ਸਿੰਘ ਬੱਲ)-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਨੇ ਰਾਧਾ ਸੁਆਮੀ ਸਤਿਸੰਗ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਪਾਸੋਂ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੁਲਾਕਾਤ ਸਬੰਧੀ ਉਨ੍ਹਾ ਕਿਹਾ ਕਿ ਰਾਧਾ ਸੁਆਮੀ (ਸਤਿਸੰਗ ਬਿਆਸ) ਦੇ ਅਧਿਆਤਮਿਕ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਦੇ ਦਰਸ਼ਨ ਕਰਨ ਦਾ ਜੋ ਉਨ੍ਹਾਂ ਨੂੰ ਸੁਭਾਗ ਪ੍ਰਾਪਤ ਹੋਇਆ ਹੈ, ਉਹ ਆਪਣੇ ਆਪ ਨੂੰ ਬਹੁਤ ਹੀ ਖੁਸ਼ ਕਿਸਮਤ ਮੰਨਦੇ ਹਨ ਅਤੇ ਬਾਬਾ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਬਹੁਤ ਹੀ ਸਕੂਨ ਮਿਲਿਆ ਹੈ।ਉਨ੍ਹਾ ਕਿਹਾ ਕਿ ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ ਲਗਾਤਾਰ ਦਹਾਕਿਆਂ ਤੋਂ ਸਮਾਜ ਵਿੱਚ ਅਧਿਆਤਮਿਕ ਚੇਤਨਾ ਜਗਾ ਕੇ ਮਨੁੱਖਤਾ ਤੇ ਸਮਾਜ ਸੇਵਾ ਦਾ ਜੋ ਕਾਰਜ ਕੀਤਾ ਜਾ ਰਿਹਾ ਹੈ, ਉਹ ਆਪਣੇ ਆਪ ਵਿੱਚ ਅਦਭੁਤ ਤੇ ਪ੍ਰੇਰਣਾਦਾਇਕ ਹੈ।ਇਸ ਮੁਲਾਕਾਤ ਦੌਰਾਨ ਉਨ੍ਹਾਂ ਡੇਰਾ ਬਿਆਸ ਵਿਖੇ ਚੱਲ ਰਹੀਆਂ ਧਾਰਮਿਕ ਤੇ ਸਮਾਜਕ ਸਰਗਰਮੀਆਂ ਬਾਰੇ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਵਪਾਰ ਵਿੰਗ ਦੇ ਸਮਾਣਾ ਪ੍ਰਧਾਨ ਸ਼ਾਮ ਲਾਲ ਦੱਤ, ਸੱਭਿਆਚਾਰ ਮੰਚ ਪੰਜਾਬ ਦੇ ਪ੍ਰਧਾਨ ਤੇ ਪੋਲੀਵੁੱਡ ਪੋਸਟ ਦੇ ਓਨਰ ਹਰਜਿੰਦਰ ਸਿੰਘ ਜਵੰਦਾ, ਪੀ ਏ ਹਰਿੰਦਰ ਸਿੰਘ ਧਬਲਾਨ ਤੇ ਅਜੀਤਪਾਲ ਸਿੰਘ ਆਦਿ ਮੌਜੂਦ ਰਹੇ।

ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਨੇ ਸਰਕਾਰ ਵਿਰੁੱਧ ਲੰਮੀ ਲੜਾਈ ਲੜਨ ਦੀ ਕੀਤੀ ਵਿਉਂਤਬੰਦੀ

ਸਮਰਾਲਾ (ਸੁਰਜੀਤ ਸਿੰਘ)-ਕੇਂਦਰ ਸਰਕਾਰ ਵੱਲੋਂ ਕੇਂਦਰੀ ਬਜਟ ਉੱਤੇ ਵਿੱਤੀ ਬੋਝ ਘਟਾਉਣ ਦੀ ਬਹਾਨੇਬਾਜ਼ੀ ਨਾਲ ਪੁਰਾਣੀ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਵਿਰੁੱਧ ਲੰਮੀ ਲੜਾਈ ਲੜਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ।ਇਸ ਸੰਬੰਧੀ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਨੇ ਮੋਗਾ ਵਿੱਚ ਇੱਕ ਅਹਿਮ ਮੀਟਿੰਗ ਕਰਕੇ ਫੈਸਲਾ ਲਿਆ ਹੈ ਕਿ ਬਜਟ ਸੈਸ਼ਨ ਦੌਰਾਨ ਚੰਡੀਗੜ੍ਹ ਵਿਧਾਨ ਸਭਾ ਵੱਲ ਹੋਣ ਵਾਲੇ ਮੁਲਾਜ਼ਮਾਂ ਦੇ ਸੂਬਾਈ ਮਾਰਚ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ, ਸਮੂਹ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਨੂੰ 1 ਤੋਂ 7 ਮਾਰਚ ਤੱਕ ਮੰਗ ਪੱਤਰ ਦਿੱਤੇ ਜਾਣਗੇ ਅਤੇ ਮਜ਼ਦੂਰ ਦਿਵਸ 'ਤੇ ਸਾਰੇ ਪੰਜਾਬ ਵਿੱਚ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅਤੇ ਦਫਤਰਾਂ ਅੱਗੇ ਇੱਕ ਦਿਨ ਦੀ ਭੁੱਖ ਹੜਤਾਲ ਕੀਤੀ ਜਾਵੇਗੀ।ਇਸ ਸਬੰਧੀ ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਕਨਵੀਨਰ ਅਤਿੰਦਰ ਪਾਲ ਸਿੰਘ, ਜ਼ੋਨ ਕਨਵੀਨਰਾਂ ਗੁਰਬਿੰਦਰ ਸਿੰਘ ਖਹਿਰਾ ਨੇ ਆਖਿਆ ਕਿ ਕੇਂਦਰ ਵੱਲੋਂ ਤਜਵੀਜ਼ਤ ਯੂਪੀਐੱਸ ਸਕੀਮ ਨੂੰ ਰੱਦ ਕਰਦਿਆਂ ਪੁਰਾਣੀ ਪੈਨਸ਼ਨ ਲਈ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਕੀਤੇ ਕਾਗਜ਼ੀ ਨੋਟੀਫਿਕੇਸ਼ਨ ਨੂੰ ਠੰਢੇ ਬਸਤੇ ਵਿੱਚ ਪਾ ਕੇ ਯੂਪੀਐੱਸ ਸਕੀਮ ਨੂੰ ਲਾਗੂ ਕਰਨ ਹਿੱਤ ਅਫਸਰਸ਼ਾਹੀ ਨੂੰ ਨਿਰਦੇਸ਼ ਦੇਣਾ ਜਿੱਥੇ ਮੁਲਾਜ਼ਮਾਂ ਨਾਲ਼ ਵੱਡਾ ਧੋਖਾ ਹੈ, ਉੱਥੇ ਕੇਂਦਰ ਸਰਕਾਰ ਦੀ ਸੂਬਿਆਂ ਦੇ ਮਾਮਲਿਆਂ ਵਿੱਚ ਕੀਤੀ ਜਾ ਰਹੀ ਦਖਲਅੰਦਾਜ਼ੀ ਅੱਗੇ ਗੋਡੇ ਟੇਕਣਾ ਵੀ ਹੈ।ਫਰੰਟ ਦੇ ਆਗੂਆਂ ਇੰਦਰਸੁਖਦੀਪ ਸਿੰਘ ਤੇ ਦਲਜੀਤ ਸਫੀਪੁਰ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਯੂਪੀਐੱਸ ਦੇ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਪਿਛਲੇ ਸਮੇਂ ਵਿੱਚ ਵਿਚਾਰ ਅਧੀਨ ਹੋਣ ਤੇ ਪੁਰਾਣੀ ਪੈਨਸ਼ਨ ਪ੍ਰਣਾਲੀ ਨੂੰ ਲਾਗੂ ਕਰਨ ਦੇ ਆਪਣੇ ਖੁਦ ਦੇ ਕੀਤੇ ਹੋਏ ਨੋਟੀਫਿਕੇਸ਼ਨ ਤੋਂ ਭੱਜਣ ਲਈ ਵਿਚਲਾ ਰਾਹ ਲੱਭ ਰਹੀ ਹੈ, ਜਿਸ ਦੇ ਖਿਲਾਫ ਫਰੰਟ ਵੱਲੋਂ ਜਿੱਥੇ ਪੈਨਸ਼ਨ ਲਈ ਬਣਾਏ ਸਾਂਝੇ ਥੜੇ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੋਰਚਾ ਨੂੰ ਮੁੜ ਸਰਗਰਮ ਕਰਨ ਦੇ ਯਤਨ ਜਾਰੀ ਰੱਖੇ ਜਾਣਗੇ, ਉੱਥੇ ਅਪ੍ਰੈਲ ਮਹੀਨੇ ਵਿੱਚ ਦੁਬਾਰਾ

1 Mar Page-3.qxd 2/28/2025 11:03 PM Page 1

ਮਨੁੱਖੀ ਤਸਕਰੀ 'ਚ ਸ਼ਾਮਿਲ 24 ਟਰੈਵਲ ਏਜੰਟਾਂ ਵਿਰੁੱਧ ਐੱਫ ਆਈ ਆਰ ਦਰਜ : ਧਾਲੀਵਾਲ

● ਪਨਾਮਾ ਤੋਂ ਭਾਰਤੀਆਂ ਨੂੰ ਵਾਪਸ ਲਿਆਉਣ ਲਈ ਪੰਜਾਬ ਸਰਕਾਰ ਹਰ ਮਦਦ ਕਰਨ ਲਈ ਤਿਆਰ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)- ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਮਨੁੱਖੀ ਤਸਕਰੀ ਵਿੱਚ ਸ਼ਾਮਿਲ ਟਰੈਵਲ ਏਜੰਟਾਂ ਵਿਰੁੱਧ ਵਿੱਢੀ ਗਈ ਮੁਹਿੰਮ ਦੌਰਾਨ ਪੰਜਾਬ ਪੁਲਿਸ ਨੇ ਹੁਣ ਤੱਕ 1274 ਸਥਾਨਾਂ ਉਤੇ ਚੈਕਿੰਗ ਕੀਤੀ ਹੈ ਅਤੇ ਇਨ੍ਹਾਂ ਵਿੱਚੋਂ 24 ਟਰੈਵਲ ਏਜੰਟਾਂ ਵਿਰੁੱਧ ਪੁਲਸ ਕੇਸ ਦਰਜ ਕੀਤੇ ਗਏ ਹਨ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਉਨ੍ਹਾਂ ਦੱਸਿਆ ਕਿ 5 ਫਰਵਰੀ, ਜਿਸ ਦਿਨ ਤੋਂ ਅਮਰੀਕਾ ਨੇ ਗੈਰ ਕਾਨੂੰਨੀ ਢੰਗ ਨਾਲ ਰਹੇ ਰਹੇ ਪ੍ਰਵਾਸੀ ਭਾਰਤੀਆਂ ਨੂੰ ਵਾਪਸ ਭੇਜਣਾ ਸ਼ੁਰੂ ਕੀਤਾ ਹੈ, ਤੋਂ ਲੈ ਕੇ ਹੁਣ ਤੱਕ ਕੀਤੀ ਗਈ ਇਸ ਕਾਰਵਾਈ ਦੌਰਾਨ 7 ਟਰੈਵਲ ਏਜੰਟਾਂ ਨੂੰ ਗ੍ਰਿਫਤਾਰ ਵੀ ਕੀਤਾ ਜਾ ਚੁੱਕਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਾਰੇ ਅਧਿਕਾਰੀਆਂ ਅਤੇ ਪੁਲਸ ਨੂੰ ਇਸ ਬਾਬਤ ਸਖਤ ਨਿਰਦੇਸ਼ ਹਨ ਕਿ ਜੋ ਵੀ ਵਿਅਕਤੀ ਮਨੁੱਖੀ ਤਸਕਰੀ ਵਿੱਚ ਸ਼ਾਮਿਲ ਪਾਇਆ ਜਾਂਦਾ ਹੈ, ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਧਾਲੀਵਾਲ ਨੇ ਦੱਸਿਆ ਕਿ ਹੁਣ ਤੱਕ ਅਮਰੀਕਾ ਵਿੱਚੋਂ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ 337 ਭਾਰਤੀਆਂ ਨੂੰ ਡਿਪੋਰਟ ਕੀਤਾ

ਜਾ ਚੁੱਕਾ ਹੈ ਜਿਨ੍ਹਾਂ ਵਿੱਚੋਂ 131 ਪੰਜਾਬੀ ਮੂਲ ਦੇ ਹਨ। ਉਨ੍ਹਾਂ ਦੱਸਿਆ ਕਿ ਦੋ ਦਿਨ ਪਹਿਲਾਂ ਵੀ ਵਾਇਆ ਪਨਾਮਾ ਕੁਝ ਪ੍ਰਵਾਸੀ ਭਾਰਤੀ ਭਾਰਤ ਪਹੁੰਚੇ ਹਨ ਅਤੇ ਉਨ੍ਹਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ ਉੱਤੇ ਪੰਜਾਬ ਸਰਕਾਰ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਭੇਜ ਕੇ ਬੇਨਤੀ ਕੀਤੀ ਹੈ ਕਿ ਪਨਾਮਾ ਵਿੱਚ ਅਮਰੀਕਾ ਵੱਲੋਂ ਭੇਜੇ ਗਏ ਗੈਰ ਕਾਨੂੰਨੀ ਪ੍ਰਵਾਸੀਆਂ ਵਿੱਚੋਂ ਕਿੰਨੇ ਭਾਰਤੀ ਹਨ ? ਕਿੰਨੇ ਪੰਜਾਬੀ ਹਨ ? ਬਾਰੇ ਜਾਣਕਾਰੀ ਦਿੱਤੀ ਜਾਵੇ ਅਤੇ ਜੇਕਰ ਭਾਰਤ ਸਰਕਾਰ ਉਨਾਂ ਨੂੰ ਵਾਪਸ ਭਾਰਤ ਲਿਆਉਣ ਲਈ ਸਾਡੀ ਕੋਈ ਮਦਦ ਚਾਹੁੰਦੀ ਹੈ ਤਾਂ ਅਸੀਂ ਦੇਣ ਲਈ ਤਿਆਰ ਹਾਂ।ਉਨ੍ਹਾਂ ਕਿਹਾ ਕਿ ਇਹ ਲੋਕ ਸਾਡੇ ਆਪਣੇ ਹਨ, ਕੋਈ ਅਪਰਾਧੀ ਨਹੀਂ।ਇਨ੍ਹਾਂ ਲੋਕਾਂ ਨੂੰ ਠੱਗ ਟਰੈਵਲ ਏਜੰਟਾਂ ਵੱਲੋਂ ਆਪਣੀਆਂ ਗੱਲਾਂ ਰਾਹੀਂ ਉਲਝਾਇਆ ਗਿਆ ਹੈ।ਇਨ੍ਹਾਂ ਨੇ ਲੱਖਾਂ ਕਰੋੜਾਂ ਰੁਪਏ ਗਵਾਏ ਹਨ, ਕਈ ਦਿਨਾਂ ਦੇ ਤਸ਼ੱਦਦ ਵੀ ਝੱਲੇ ਹਨ ਅਤੇ ਇਨਾਂ ਨਾਲ ਸਾਡੀ ਦਿਲੀ ਹਮਦਰਦੀ ਹੈ।ਕੱਲ ਭਾਜਪਾ ਨੇਤਾ ਮਨੋਹਰ ਲਾਲ ਖੱਟਰ ਵੱਲੋਂ ਇਨ੍ਹਾਂ ਪ੍ਰਵਾਸੀਆਂ ਬਾਰੇ ਦਿੱਤੇ ਬਿਆਨ ਉਤੇ ਪ੍ਰਤੀਕਰਮ ਦਿੰਦੇ ਧਾਲੀਵਾਲ ਨੇ ਕਿਹਾ ਕਿ ਉਹ ਆਪਣੀ ਪਾਰਟੀ ਦੀ ਤਰਜਮਾਨੀ ਕਰਦੇ ਹੋਏ ਭਾਜਪਾ ਦੇ ਢਿੱਡ ਵਾਲੀ ਗੱਲ ਕਰ ਗਏ ਹਨ, ਜਦ ਕਿ ਸਾਡਾ ਮੰਨਣਾ ਹੈ ਕਿ ਅਜਿਹੇ ਕੇਸਾਂ ਵਿੱਚ ਹਮਦਰਦੀ ਨਾਲ ਵਿਚਾਰ ਕਰਨ ਦੀ ਲੋੜ ਹੈ।

ਜੇਲ੍ਹ 'ਚ ਬੰਦ ਕੈਦੀ ਪਾਸੋਂ ਨਸ਼ਾ ਬਰਾਮਦ, ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਨੂੰ ਸੁਪਰਡੈਂਟ ਕੇਦਰੀ ਜੇਲ੍ਹ ਗੁਰਦਾਸਪੁਰ ਨੇ ਆਪਣੇ ਪੱਤਰ ਨੰਬਰ 1556 ਰਾਹੀਂ ਦੱਸਿਆ ਕਿ 24 ਫਰਵਰੀ ਨੂੰ ਬੈਰਕ ਨੰਬਰ ਤਿੰਨ ਦੇ ਪਿਛਲੇ ਪਾਸੋਂ ਵਾਰਡਰ ਵੀਰ ਸਿੰਘ ਵੱਲੋਂ ਇੱਕ ਪੈਕਟ ਫੈਂਕਾ ਬ੍ਰਾਮਦ ਕੀਤਾ ਗਿਆ ਜਦੋਂ ਇਸ ਪੈਕਟ ਨੂੰ ਖੋਲ ਕੇ ਦੇਖਿਆ ਗਿਆ ਤਾਂ ਇਸ ਵਿੱਚ 3 ਪੈਕਟ ਤੰਬਾਕੂ, 3 ਪੈਕਟ ਬੀੜੀ, 2 ਪੈਕਟ ਸਿਗਰਟ ਅਤੇ 1 ਮੋਬਾਇਲ ਫੋਨ ਜੋ ਕਿਸੇ ਨਾ-ਮਾਲੂਮ ਵਿਅਕਤੀ ਵਲੋਂ ਬਾਹਰ ਤੋਂ ਥਰੋ/ਫੈਂਕਾ ਕੀਤਾ ਗਿਆ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਨਾ-ਮਾਲੂਮ ਵਿਅਕਤੀ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਕੁੱਟਮਾਰ ਕਰਨ ਵਾਲੇ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਸਦਰ ਗੁਰਦਾਸਪੁਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਹਰਜੋਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਵਰਸੋਲਾ ਨੇ ਦੱਸਿਆ ਕਿ 13 ਫਰਵਰੀ ਨੂੰ ਉਹ ਆਪਣੇ ਘਰ ਦੇ ਗੇਟ ਵਿੱਚ ਖੜਾ ਸੀ ਕਿ ਰਵਿੰਦਰ ਸਿੰਘ ਪੁੱਤਰ ਗੁਰਵਿੰਦਰ ਸਿੰਘ, ਗੁਰਵਿੰਦਰ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਵਰਸੋਲਾ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਮੈਨੂੰ ਜ਼ਖ਼ਮੀ ਕਰ ਦਿੱਤਾ। ਪੁਲਸ ਨੇ ਰਵਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਰੁਜ਼ਗਾਰ ਤੇ ਛੇ ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ

ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)- ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਅਤੇ 6 ਘੰਟੇ ਦੀ ਕਾਨੂੰਨ ਕੰਮ ਦਿਹਾੜੀ ਲਾਗੂ ਕਰਵਾਉਣ ਲਈ ਹਰ ਮਹੀਨੇ ਦੇ ਚੌਥੇ ਸ਼ੁੱਕਰਵਾਰ ਪੰਜਾਬ ਸਮੂਹ ਡੀ ਸੀ ਦਫਤਰਾਂ ਅਤੇ ਐੱਸਡੀਐੱਮ ਦਫਤਰਾਂ ਅੱਗੇ 'ਬਨੇਗਾ ਐਕਸ਼ਨ ਡੇਅ' ਮਨਾਉਣ ਦੇ ਫੈਸਲੇ ਮੁਤਾਬਿਕ ਐੱਸਡੀਐੱਮ ਦਫਤਰ ਵਿਖੇ ਨੌਜਵਾਨਾਂ ਵੱਲੋਂ ਬਨੇਗਾ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਜ਼ਿਲ੍ਹਾ ਆਗੂ ਪਰਮਿੰਦਰ ਰਹਿਮੇਸ਼ਾਹ ਨੇ ਕੀਤੀ।ਇਸ ਮੌਕੇ ਵੱਖ-ਵੱਖ ਪਿੰਡਾਂ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ।ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਏਥੇ ਰੁਜ਼ਗਾਰ ਨਾ ਹੋਣ ਕਾਰਨ ਵਿਦੇਸ਼ਾਂ ਵੱਲ ਜਾ ਰਹੀ ਹੈ। ਪੰਜਾਬ ਵਿਚ ਘਰਾਂ ਦੇ ਘਰ ਖਾਲੀ ਹੋ ਰਹੇ ਹਨ।ਉਨ੍ਹਾਂ ਕਿਹ ਕਿ ਨੌਜਵਾਨਾਂ/ ਵਿਦਿਆਰਥੀਆਂ ਨੂੰ ਕੋਈ ਰਸਤਾ ਦਿਖਾਈ ਨਹੀਂ ਦੇ ਰਿਹਾ ਅਤੇ ਨਾ ਹੀ ਸਮੇਂ ਦੀਆਂ ਸਰਕਾਰਾਂ ਉਨ੍ਹਾਂ ਦੀ ਯੋਗਤਾ ਦਾ ਮੁੱਲ ਨਹੀਂ ਪਾ ਰਹੀਆਂ ਹਨ।ਕਰੋੜਾਂ ਰੁਪਇਆ ਖਰਚ ਕੇ ਵੀ ਅੱਜ ਸਾਡੇ ਘਰਾਂ ਵਿਚ ਖੁਸ਼ੀਆਂ ਨਹੀਂ ਆ ਰਹੀਆਂ। ਇਨ੍ਹਾਂ ਖੁਸ਼ੀਆਂ ਦੀ ਗਰੰਟੀ ਹਰ ਹੱਥ ਨੂੰ ਕੰਮ ਦਿੱਤੇ ਬਿਨਾਂ ਨਹੀਂ ਹੋ ਸਕਦੀ।ਉਨ੍ਹਾਂ ਕਿਹਾ ਕਿ ਦੋਵੇਂ ਜੱਥੇਬੰਦੀਆਂ ਪਿਛਲੇ ਲੰਮੇ ਸਮੇਂ ਤੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇ ਲਈ ਕੰਮ ਕਰ ਰਹੀਆਂ ਹਨ।ਇਹ ਕਾਨੂੰਨ ਹਰ 18-58 ਸਾਲ ਦੇ ਮਰਦ-ਇਸਤਰੀ ਨੂੰ, ਹਰ ਹੱਥ ਨੂੰ ਉਸਦੀ ਯੋਗਤਾ ਅਨੁਸਾਰ ਕੰਮ ਅਤੇ ਅਨੁਸਾਰ ਤਨਖਾਹ ਦੀ ਗਰੰਟੀ ਕਰੇਗਾ।ਇਹ ਲਹਿਰ ਦੇਸ਼ ਪੱਧਰ 'ਤੇ ਸਰਗਰਮ ਰੂਪ ਚ ਕੰਮ ਕਰ ਰਹੀ ਹੈ, ਜ਼ਰੂਰਤ ਹੈ ਇਸਨੂੰ ਹਰ ਘਰ ਤੱਕ ਲੈ ਕੇ ਜਾਇਆ ਜਾਵੇ। ਦੇਸ਼ ਦਾ ਹਰ ਨੌਜਵਾਨ ਇਸਦਾ ਹਿੱਸਾ ਬਣੇ ਤੇ ਅਸੀਂ ਹਰ ਇਕ ਲਈ ਯੋਗਤਾ ਅਨੁਸਾਰ ਕੰਮ ਦੀ ਗਰੰਟੀ ਦਾ ਇਹ ਕਾਨੂੰਨ ਜਿੱਤ ਸਕੀਏ।ਉਨ੍ਹਾਂ ਨੌਜਵਾਨਾਂ/ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਓ ਇਸ ਲਹਿਰ ਦਾ ਹਿੱਸਾ ਬਣੀਏ।ਪਿੰਡਾਂ ਵਿੱਚ ਇਸ ਤਰ੍ਹਾਂ ਦੇ ਪ੍ਰੋਗਰਾਮ, ਟਰੇਨਿੰਗ ਕੈਂਪ ਜੱਥੇਬੰਦੀਆਂ ਵੱਲੋਂ ਲਗਾਤਾਰ ਹੋ ਰਹੇ ਹਨ, ਉਹ ਇਨ੍ਹਾਂ ਦਾ ਹਿੱਸਾ ਬਣ ਕੇ ਸਿੱਖਣ ਤੇ ਆਗੂ ਬਣਨ।ਇਸ ਮੌਕੇ ਪ੍ਰਦਰਸ਼ਨ ਨੂੰ ਧਰਮਿੰਦਰ ਰਹਿਮੇਸ਼ਾਹ, ਪਰਮਜੀਤ ਥਾਰੇ ਵਾਲਾ, ਮਨਜੀਤ ਛਾਂਗਾ ਰਾਏ, ਕਰਨੈਲ ਸਵਾਇਆ, ਸੁਖਚੈਨ ਸਵਾਇਆ, ਅਮਰਜੀਤ ਨੂਰੇ ਕੇ, ਬਲਵੰਤ ਚੌਹਾਣਾ, ਰਮੇਸ਼ ਪੀਰ ਮੁਹੰਮਦ, ਪਿਆਰਾ ਮੇਘਾ ਆਦਿ ਨੇ ਸੰਬੋਧਨ ਕੀਤਾ।

● ਬਨੇਗਾ ਦੀ ਪ੍ਰਾਪਤੀ ਲਈ ਪ੍ਰਦਰਸ਼ਨ ਹਰ ਮਹੀਨੇ ਵੱਡੇ ਹੁੰਦੇ ਜਾਣਗੇ : ਛਾਂਗਾ ਰਾਏ, ਪਰਮਿੰਦਰ

ਕਿਸਾਨ ਖਾਦਾਂ, ਕੀਟਨਾਸ਼ਕ ਜਾਂ ਬੀਜ ਖਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ : ਮੁੱਖ ਖੇਤੀਬਾੜੀ ਅਫ਼ਸਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸਾਨਾਂ ਨੂੰ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਖਾਦਾਂ ਦੀ ਸੈਂਪਲਿੰਗ, ਕਾਲਾਬਜ਼ਾਰੀ ਅਤੇ ਜਮਾਂਖੋਰੀ ਰੋਕਣ ਲਈ ਦੁਕਾਨਾਂ ਅਤੇ ਗੋਦਾਮਾਂ ਦੀ ਨਿਰੰਤਰ ਚੈਕਿੰਗ ਕੀਤੀ ਜਾ ਰਹੀ ਹੈ। ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਖੇਤੀ ਸਮੱਗਰੀ ਡੀਲਰਸ਼ਿਪ ਦੇ ਲਾਇਸੰਸ ਜਾਰੀ ਕਰਨ ਦੀ ਸਮੁੱਚੀ ਪ੍ਰੀਕਿਰਿਆ ਆਨਲਾਈਨ ਕਰ ਦਿੱਤੀ ਗਈ ਹੈ ਤਾਂ ਜੋਂ ਹੁੰਦੀ ਖੱਜਲ ਖਰਾਬੀ ਖਤਮ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਖਾਦਾਂ, ਕੀਟਨਾਸ਼ਕ ਅਤੇ ਬੀਜਾਂ ਦੇ ਲਾਇਸੰਸ ਲੈਣ ਦੇ ਇੱਛੁਕ ਬੇਰੁਜ਼ਗਾਰ ਨੌਜਵਾਨ ਆਪਣੇ ਬਿਨੈਪੱਤਰ ਸਮੇਤ ਸਾਰੇ ਕਾਗਜ਼ਾਤ ਆਨਲਾਈਨ ਪੋਰਟਲ ਤੇ ਦਰਜ ਕਰਨੇ ਹੋਣਗੇ। ਉਨ੍ਹਾਂ ਦੱਸਿਆ ਕਿ ਲਾਇਸੰਸ ਲਈ ਪੂਰੇ ਕਾਗਜ਼ਾਤ ਤਸਦੀਕ ਕਰਨ ਉਪਰੰਤ ਲਾਇਸੰਸ ਆਨਲਾਈਨ ਬਿਨੈਕਾਰ ਕੋਲ ਪਹੁੰਚ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤੀ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਖੇਤੀ ਮਾਹਿਰਾਂ ਨਾਲ ਸੰਪਰਕ ਬਣਾ ਕੇ ਰੱਖਣ ਤਾਂ ਜੋਂ ਖੇਤੀ ਲਾਗਤ ਖਰਚੇ ਘਟਾ ਕੇ ਖੇਤੀ ਆਮਦਨ ਵਧਾਈ ਜਾ ਸਕੇ। ਉਨ੍ਹਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੌਸ ਮਸ਼ੀਨਾਂ ਵਿੱਚ ਮੌਜੂਦ ਵਿਕਰੀ ਕੀਤੀ ਖਾਦ ਦਾ ਸਟਾਕ ਨਾਲੋ ਨਾਲ ਨਿਲ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੌਸ ਮਸ਼ੀਨਾਂ ਅਤੇ ਦੁਕਾਨ ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ। ਉਨ੍ਹਾਂ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਖਾਦ ਦੀ ਹੋਈ ਵਿਕਰੀ ਦਾ ਸਟਾਕ ਪੌਸ਼ ਮਸ਼ੀਨਾਂ ਵਿਚੋਂ ਰੋਜ਼ਾਨਾ ਕੱਢਿਆ ਜਾਵੇ ਤਾਂ ਖਾਦ ਦੀ ਸਪਲਾਈ ਵਿਚ ਕੋਈ ਵਿਘਨ ਨਾ ਪਵੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੀ ਲਿਖਤੀ ਤੌਰ 'ਤੇ ਸ਼ਿਕਾਇਤ ਸਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

ਜੈਂਤੀਪੁਰ ਤੇ ਰਾਇਮਲ ਵਿਖੇ ਕੀਤੇ ਬੰਬ ਧਮਾਕਿਆਂ ਦਾ ਮੁੱਖ ਸਰਗਣਾ ਪੁਲਸ ਮੁਕਾਬਲੇ 'ਚ ਢੇਰ

ਬਟਾਲਾ, (ਤਰਲੋਕ ਬੱਗਾ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਬਟਾਲਾ ਪੁਲਸ ਨੇ ਵੱਡੀ ਕਾਰਵਾਈ ਕਰਦਿਆਂ ਅੰਮ੍ਰਿਤਸਰ ਦੇ ਜੈਂਤੀਪੁਰ ਅਤੇ ਬਟਾਲਾ ਦੇ ਰਾਇਮਲ ਵਿਖੇ ਬੰਬ ਧਮਾਕਿਆਂ ਦੇ ਕੇਸ ਵਿੱਚ ਸ਼ਾਮਲ ਮੁੱਖ ਦੋਸ਼ੀ, ਜਿਸਦੀ ਪਛਾਣ ਮੋਹਿਤ ਵਜੋਂ ਹੋਈ ਹੈ, ਨੂੰ ਪੰਜਾਬ ਪੁਲਸ ਦੀਆਂ ਟੀਮਾਂ ਨੇ ਵੀਰਵਾਰ ਦੇਰ ਸ਼ਾਮ ਬਟਾਲਾ 'ਚ ਹੋਏ ਪੁਲਸ ਮੁਕਾਬਲੇ ਦੌਰਾਨ ਕੀਤੀ ਗਈ ਜਵਾਬੀ ਗੋਲੀਬਾਰੀ ਵਿੱਚ ਮਾਰ ਮੁਕਾਇਆ ਹੈ।ਇਹ ਕਾਰਵਾਈ ਬਟਾਲਾ ਪੁਲਸ ਵੱਲੋਂ ਪਾਕਿਸਤਾਨ-ਅਧਾਰਤ ਅੱਤਵਾਦੀ ਹਰਵਿੰਦਰ ਰਿੰਦਾ ਅਤੇ ਅਮਰੀਕਾ-ਅਧਾਰਤ ਅੱਤਵਾਦੀ ਹੈਪੀ ਪਾਸੀਆਂ ਦੁਆਰਾ ਚਲਾਏ ਜਾ ਰਹੇ ਪਾਕਿ-ਆਈਐੱਸਆਈ ਸਮਰਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਅੱਤਵਾਦੀ ਮਾਡਿਊਲ ਦੇ ਦੋ ਕਾਰਕੁਨਾਂ, ਜਿਨ੍ਹਾਂ ਦੀ ਪਛਾਣ ਬਟਾਲਾ ਦੇ ਬੁੱਢੇ ਦੀ ਖੂਈ ਦੇ ਮੋਹਿਤ ਅਤੇ ਬਟਾਲਾ ਦੇ ਬਸਰਪੁਰਾ ਦੇ ਵਿਸ਼ਾਲ ਵਜੋਂ ਹੋਈ ਹੈ, ਦੀ ਗ੍ਰਿਫ਼ਤਾਰੀ ਉਪਰੰਤ ਉਕਤ ਮਾਡਿਊਲ ਦਾ ਪਰਦਾਫਾਸ਼ ਕਰਕੇ ਜੈਂਤੀਪੁਰ ਅਤੇ ਰਾਇਮਲ ਵਿਖੇ ਧਮਾਕੇ ਦੇ ਕੇਸਾਂ ਨੂੰ ਸੁਲਝਾਉਣ ਤੋਂ ਕੁਝ ਘੰਟਿਆਂ ਬਾਅਦ ਸਾਹਮਣੇ ਆਈ ਹੈ।ਜਾਣਕਾਰੀ ਅਨੁਸਾਰ ਇਸ ਸਾਲ 17 ਫਰਵਰੀ ਨੂੰ ਰਾਇਮਲ ਵਿੱਚ ਪੰਜਾਬ ਪੁਲਸ ਦੇ ਕਾਂਸਟੇਬਲ ਦੇ ਘਰ 'ਤੇ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ ਸੀ, ਜਦੋਂ ਕਿ ਇਸ ਸਾਲ 15 ਜਨਵਰੀ ਨੂੰ ਅੰਮ੍ਰਿਤਸਰ ਦੇ ਪੱਧੂ ਜੈਂਤੀਪੁਰੀਆ ਦੇ ਘਰ ਇੱਕ ਹੋਰ ਧਮਾਕਾ ਹੋਇਆ ਸੀ। ਦੱਸਣਯੋਗ ਹੈ ਕਿ ਅਮਰੀਕਾ-ਅਧਾਰਤ ਅੱਤਵਾਦੀ ਹੈਪੀ ਪਾਸੀਆਂ ਨੇ ਸੋਸ਼ਲ ਮੀਡੀਆ ਤੇ ਪੋਸਟ ਪਾ ਕੇ ਦੋਵਾਂ ਧਮਾਕਿਆਂ ਦੀ ਜ਼ਿੰਮੇਵਾਰੀ ਲਈ ਸੀ।ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਸ (ਡੀਆਈਜੀ) ਬਾਰਡਰ ਰੇ

1-March-PAGE-4.qxd 2/28/2025 11:20 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 1 ਮਾਰਚ 2025

ਬਿਹਾਰ ਦਾ ਵੋਟਰ ਸਰਵੇ

ਵੋਟਰ ਸਰਵੇ ਤੇ ਐਗਜ਼ਿਟ ਪੋਲ ਕਰਨ ਵਾਲਿਆਂ 'ਤੇ ਹੁਣ ਬਹੁਤਾ ਭਰੋਸਾ ਨਹੀਂ ਰਿਹਾ, ਪਰ ਫਿਰ ਵੀ ਇਨ੍ਹਾਂ ਵੱਲੋਂ ਕੱਢੇ ਸਿੱਟੇ ਸਿਆਸੀ ਬਹਿਸ ਕਰਨ ਵਿੱਚ ਦਿਲਚਸਪੀ ਲੈਣ ਵਾਲਿਆਂ ਲਈ ਕੁਝ ਕੁ ਦਿਨਾਂ ਦੀ ਖੁਰਾਕ ਜ਼ਰੂਰ ਮੁਹੱਈਆ ਕਰਾ ਦਿੰਦੇ ਹਨ। ਤਾਜ਼ਾ ਸਰਵੇ ਬਿਹਾਰ, ਜਿੱਥੇ ਸਾਲ ਦੇ ਅਖੀਰ ਵਿੱਚ ਅਸੰਬਲੀ ਚੋਣਾਂ ਹੋਣ ਵਾਲੀਆਂ ਹਨ, ਨੂੰ ਲੈ ਕੇ ਆਇਆ ਹੈ। ਸੀ-ਵੋਟਰ ਤੇ ਇੰਡੀਆ ਟੀ ਵੀ ਵੱਲੋਂ ਕੀਤੇ ਗਏ ਇਸ ਸਰਵੇ ਮੁਤਾਬਕ ਜੇ ਅੱਜ ਚੋਣਾਂ ਹੋ ਜਾਣ ਤਾਂ ਨਿਤਿਸ਼ ਕੁਮਾਰ ਲਈ ਸਰਕਾਰ ਬਚਾਉਣੀ ਮੁਸ਼ਕਲ ਹੋ ਜਾਵੇਗੀ। ਸਰਵੇ ਕਰਨ ਵਾਲਿਆਂ ਨੇ ਜਿਨ੍ਹਾਂ ਲੋਕਾਂ ਨਾਲ ਗੱਲ ਕੀਤੀ, ਉਨ੍ਹਾਂ ਵਿੱਚੋਂ ਸਿਰਫ 18 ਫੀਸਦੀ ਲੋਕ ਹੀ ਨਿਤਿਸ਼ ਕੁਮਾਰ ਨੂੰ ਮੁੜ ਮੁੱਖ ਮੰਤਰੀ ਬਣਿਆ ਦੇਖਣਾ ਚਾਹੁੰਦੇ ਹਨ, ਜਦਕਿ ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਦੇ ਬੇਟੇ ਤੇਜਸਵੀ ਯਾਦਵ ਨੂੰ 41 ਫੀਸਦੀ ਲੋਕ ਮੁੱਖ ਮੰਤਰੀ ਦੇਖਣਾ ਚਾਹੁੰਦੇ ਹਨ। ਇਨ੍ਹਾਂ ਤੋਂ ਬਾਅਦ 15 ਫੀਸਦੀ ਜਨ ਸਵਰਾਜ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ, 8 ਫੀਸਦੀ ਭਾਜਪਾ ਦੇ ਸਮਰਾਟ ਚੌਧਰੀ ਤੇ 4 ਫੀਸਦੀ ਲੋਕ ਜਨ-ਸ਼ਕਤੀ ਪਾਰਟੀ (ਰਾਮਵਿਲਾਸ) ਦੇ ਪ੍ਰਧਾਨ ਚਿਰਾਗ ਪਾਸਵਾਨ ਨੂੰ ਮੁੱਖ ਮੰਤਰੀ ਬਣਨਾ ਦੇਖਣਾ ਚਾਹੁੰਦੇ ਹਨ। ਸਰਵੇ ਵਿੱਚ ਸ਼ਾਮਲ 50 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਮੌਜੂਦਾ ਸਰਕਾਰ ਤੋਂ ਨਾਰਾਜ਼ ਹਨ ਤੇ ਬਦਲਾਅ ਚਾਹੁੰਦੇ ਹਨ, 22 ਫੀਸਦੀ ਨਾਰਾਜ਼ ਹਨ, ਪਰ ਬਦਲਾਅ ਦੇ ਹੱਕ ਵਿੱਚ ਨਹੀਂ। ਦੂਜੇ ਪਾਸੇ 25 ਫੀਸਦੀ ਲੋਕ ਨਾ ਨਾਰਾਜ਼ ਹਨ ਤੇ ਨਾ ਹੀ ਬਦਲਾਅ ਚਾਹੁੰਦੇ ਹਨ। 58 ਫੀਸਦੀ ਲੋਕਾਂ ਨੇ ਕਿਹਾ ਕਿ ਨਿਤਿਸ਼ ਕੁਮਾਰ 'ਤੇ ਭਰੋਸਾ ਘਟਿਆ ਹੈ, 13 ਫੀਸਦੀ ਨੇ ਕਿਹਾ ਕਿ ਕੁਝ ਘਟਿਆ ਹੈ, ਜਦਕਿ 21 ਫੀਸਦੀ ਨੂੰ ਅਜਿਹਾ ਨਹੀਂ ਲੱਗਦਾ।

ਸਰਵੇ ਵਿੱਚ ਜਿਹੜੀ ਅਹਿਮ ਗੱਲ ਸਾਹਮਣੇ ਆਈ ਹੈ, ਉਹ ਇਹ ਹੈ ਕਿ 45 ਫੀਸਦੀ ਨੇ ਬੇਰੁਜ਼ਗਾਰੀ ਨੂੰ ਮੁੱਖ ਮੁੱਦਾ ਦੱਸਿਆ ਹੈ। ਇਸ ਦੇ ਬਾਅਦ 11 ਫੀਸਦੀ ਨੇ ਮਹਿੰਗਾਈ, 10 ਫੀਸਦੀ ਨੇ ਬਿਜਲੀ, ਪਾਣੀ ਤੇ ਸੜਕ ਅਤੇ 4-4 ਫੀਸਦੀ ਨੇ ਕਿਸਾਨਾਂ ਦੀ ਮਾੜੀ ਹਾਲਤ ਤੇ ਭ੍ਰਿਸ਼ਟਾਚਾਰ ਨੂੰ ਮੁੱਦਾ ਦੱਸਿਆ ਹੈ।

ਤਾਜ਼ਾ ਸਰਵੇ ਤੋਂ ਪਹਿਲਾਂ ਸੀ-ਵੋਟਰ ਨੇ ਕੁਝ ਹਫਤੇ ਪਹਿਲਾਂ ਦਿੱਲੀ ਚੋਣਾਂ ਦੇ ਤੁਰੰਤ ਬਾਅਦ ਬਿਹਾਰ ਵਿੱਚ ਕੀਤੇ ਸਰਵੇ 'ਚ ਐੱਨ ਡੀ ਏ ਦੀ ਲਗਭਗ ਜਿੱਤ ਦਾ ਅਨੁਮਾਨ ਲਾਇਆ ਸੀ। ਸਰਵੇ ਰਾਸ਼ਟਰੀ ਜਨਤਾ ਦਲ, ਕਾਂਗਰਸ ਤੇ ਖੱਬੀਆਂ ਪਾਰਟੀਆਂ ਦੇ ਮਹਾਂਗੱਠਬੰਧਨ ਲਈ ਆਸ ਬਨ੍ਹਾਉਂਦਾ ਹੈ, ਪਰ ਉਹ ਸੱਤਾ ਤਾਂ ਹੀ ਹਾਸਲ ਕਰ ਸਕਣਗੇ, ਜੇ ਲਾਲੂ ਪਰਵਾਰ ਸੀਟਾਂ ਦੀ ਸਹੀ ਵੰਡ ਹੋਣ ਦੇਵੇਗਾ। ਲਾਲੂ ਪਰਵਾਰ ਦੀ ਅੜੀ ਕਾਰਨ ਹੀ ਨਿਤਿਸ਼ ਤੇ ਭਾਜਪਾ ਦਾ ਗੱਠਜੋੜ ਕਾਮਯਾਬ ਹੁੰਦਾ ਰਿਹਾ ਹੈ।

ਪਾਠਕ-ਸੱਥ

ਵਿਆਹਾਂ-ਸ਼ਾਦੀਆਂ 'ਚ ਫਜ਼ੂਲ ਖਰਚੀ

ਟੈਲੀਵੀਜ਼ਨ ਵਿੱਚ ਤਰਨ ਤਾਰਨ ਜ਼ਿਲ੍ਹੇ ਵਿੱਚ ਵਿਆਹ ਸਮਾਰੋਹ ਦੇ ਦੌਰਾਨ ਲਾੜੇ ਤੇ ਬਰਾਤੀਆਂ ਵੱਲੋਂ ਹਵਾਈ ਫਾਇੰਰਿਗ ਕਰਨ ਦੀ ਖਬਰ ਨਸ਼ਰ ਹੋ ਰਹੀ ਸੀ। ਅਕਸਰ ਦੇਖ ਰਹੇ ਹਾਂ ਕਿ ਵਿਆਹ ਸਾਦੀਆਂ ਵਿੱਚ ਧਨ ਤੇ ਅੰਨ ਦੀ ਬਰਬਾਦੀ ਹੋ ਰਹੀ ਹੈ। ਲੱਖਾਂ-ਕਰੋੜਾਂ ਦੇ ਹਿਸਾਬ ਨਾਲ ਖਰਚਾ ਹੋ ਰਿਹਾ। ਲੋਕ ਕਰਜ਼ਾ ਚੁੱਕ-ਚੁੱਕ ਝੂਠੀ ਸ਼ਾਨੋ ਸ਼ੌਕਤ ਕਾਰਨ ਕਰਜਾਈ ਹੋ ਰਹੇ ਹਨ ਤੇ ਕਰਜ਼ਾ ਨਾ ਮੋੜਨ 'ਤੇ ਖੁਦਕਸ਼ੀਆਂ ਕਰ ਰਹੇ ਹਨ। ਅਸੀਂ ਸੱਤ ਭਰਾ ਸਾਂ ਬੜੇ ਸਾਦਗੀ ਨਾਲ ਸਾਡੇ ਮਾਂ ਪਿਉ ਨੇ ਵਧੀਆਂ ਢੰਗ ਨਾਲ ਕੀਤੇ ਸਨ। ਪਹਿਲਾਂ ਪਿੰਡਾਂ ਵਿੱਚ ਸਾਦੇ ਵਿਆਹ ਪਿੰਡ ਦੇ ਜੰਞ ਘਰ ਜਾਂ ਮੰਦਰ, ਧਰਮਸ਼ਾਲਾ, ਗੁਰਦੁਆਰਿਆਂ ਵਿੱਚ ਹੀ ਹੋ ਜਾਂਦੇ ਸੀ ਤੇ ਧੰਨ ਤੇ ਅੰਨ ਦੀ ਬਰਬਾਦੀ ਨਹੀਂ ਹੁੰਦੀ ਸੀ। ਪੈਲਿਸਾਂ ਵਿੱਚ ਏਨਾ ਕੁ ਸਟਾਲ ਲਗਾ ਦਿੱਤੇ ਜਾਂਦੇ ਹਨ ਕਿ ਬੰਦਾ ਕਿੰਨਾ ਕੁ ਖਾ ਲਊ। ਲੋਕ ਅੰਨ ਬਰਬਾਦ ਕਰਦੇ ਹਨ। ਵਿਆਹ ਤਿੰਨ-ਚਾਰ ਘੰਟੇ ਵਿੱਚ ਸਿਮਟ ਘਰ ਵਾਲਿਆਂ ਨੂੰ ਕਰਜ਼ਾਈ ਕਰ ਜਾਂਦਾ ਹੈ। ਫੁਕਰੇ ਲੋਕ ਦਾਰੂ ਪੀ ਗੋਲੀਆਂ ਚਲਾਉਂਦੇ ਹਨ। ਕਈ ਗੋਲੀ ਲੱਗਣ ਨਾਲ ਮੌਤਾਂ ਹੋਈਆਂ ਹਨ। ਇਹ ਰੁਝਾਨ ਬੰਦ ਹੋਣਾ ਚਾਹੀਦਾ ਹੈ। ਇਸ 'ਤੇ ਹਰ ਪ੍ਰਾਣੀ ਨੂੰ ਸੰਦੀਦਗੀ ਨਾਲ ਵਿਚਾਰ ਕਰ ਇਹ ਮਾੜੀ ਪ੍ਰਥਾ ਬੰਦ ਕਰ ਸਾਦੇ ਵਿਆਹ ਤੇ ਗੁਰਦੁਆਰੇ ਵਿੱਚ ਅਨੰਦ ਕਾਰਜ ਗੁਰੂ ਦੀ ਹਾਜ਼ਰੀ ਵਿੱਚ ਕਰ ਸੰਕਲਪ ਲੈਣਾ ਚਾਹੀਦਾ ਹੈ। ਜੋ ਕਨੂੰਨ ਨੂੰ ਹੱਥ ਵਿੱਚ ਲੈ ਪੈਲਿਸਾਂ ਵਿੱਚ ਗੋਲੀਆਂ ਚਲਾਉਂਦੇ ਹਨ, ਸਖਤੀ ਕਰ ਪਰਚਾ ਦਰਜ ਕੀਤਾ ਜਾਵੇ ਤੇ ਕਠੋਰ ਸਜ਼ਾ ਦਵਾਈ ਜਾਵੇ।

-ਗੁਰਮੀਤ ਸਿੰਘ ਵੇਰਕਾ

ਵਾਂਗਚੁੱਕ ਦੀ ਚਿਤਾਵਨੀ

ਵਾਤਾਵਰਨ ਕਾਰਕੁਨ ਸੋਨਮ ਵਾਂਗਚੁੱਕ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ ਲਗਾਤਾਰ ਪਿਘਲ ਰਹੇ ਗਲੇਸ਼ੀਅਰਾਂ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਜੇਕਰ ਗਲੇਸ਼ੀਅਰ ਪਿਘਲਣ ਦੀ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੀ ਤਾਂ ਇੱਕ ਸੌ ਚੁਤਾਲੀ ਸਾਲ ਬਾਅਦ ਅਗਲਾ ਮਹਾਂਕੁੰਭ ਰੇਤ 'ਤੇ ਹੋਵੇਗਾ, ਕਿਉਂਕਿ ਉਸ ਸਮੇਂ ਤੱਕ ਨਦੀਆਂ ਜਿਉਂਦੀਆਂ ਨਹੀਂ ਰਹਿਣਗੀਆਂ। ਵਾਤਾਵਰਨ ਦਾ ਮੁੱਦਾ ਕੋਈ ਨਵਾਂ ਨਹੀਂ, ਸਮੇਂ-ਸਮੇਂ 'ਤੇ ਵਾਤਾਵਰਨ ਕਾਰਕੁਨਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ, ਪ੍ਰੰਤੂ ਬੁਲੰਦ ਆਵਾਜ਼ਾਂ ਨੂੰ ਦਬਾਉਣ ਦਾ ਸਮੇਂ ਦੇ ਹਾਕਮਾਂ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ।ਗੰਗਾ ਪ੍ਰਦੂਸ਼ਣ ਨਾਲ ਜੂਝ ਰਹੀ ਹੈ। ਜਮੁਨਾ ਨਦੀ ਨੂੰ ਸਾਫ਼ ਕਰਨ ਦੇ ਦਾਅਵੇ ਝੂਠੇ ਨਿਕਲੇ ਅਤੇ ਬੁੱਢੇ ਨਾਲੇ ਦੀ ਦੁਰਦਸ਼ਾ ਮਨੁੱਖ ਦੇ ਲਾਲਚ ਅਤੇ ਵਿਕਾਸ ਵਿੱਚੋਂ ਉੱਭਰ ਰਹੇ ਵਿਨਾਸ਼ ਦੀ ਨਿਸ਼ਾਨੀ ਹੈ। ਮਨੁੱਖ ਕਿੰਨਾ ਵੀ ਅਮੀਰ ਕਿਉਂ ਨਾ ਹੋਵੇ, ਉਹ ਪੈਸਾ ਖਾ ਨਹੀਂ ਸਕਦਾ।ਪੈਸੇ ਨਾਲ ਆਕਸੀਜਨ ਤਾਂ ਖ਼ਰੀਦ ਸਕਦਾ ਹੈ, ਪ੍ਰੰਤੂ ਸਾਹ ਨਹੀਂ ਖ਼ਰੀਦ ਸਕਦਾ। ਦਿਨੋਂ-ਦਿਨ ਜੀਵਨ ਸ਼ੈਲੀ ਵਿੱਚ ਆ ਰਹੇ ਬਦਲਾਅ ਤੇ ਗੈਰ-ਮਨੁੱਖੀ ਕਾਰਵਾਈਆਂ ਨੇ ਵਾਤਾਵਰਨ ਨੂੰ ਪਲੀਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।ਇਕੱਲਾ ਵਾਂਗਚੁੱਕ ਧਰਤੀ 'ਤੇ ਨਹੀਂ ਰਹਿੰਦਾ, ਅਸੀਂ ਵੀ ਰਹਿੰਦੇ ਹਾਂ। ਕੇਵਲ ਵਾਂਗਚੁੱਕ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਉਹ ਵਾਤਾਵਰਨ ਨੂੰ ਬਚਾਉਣ ਲਈ ਉਪਰਾਲੇ ਕਰੇ, ਕੁਝ ਜ਼ਿੰਮੇਵਾਰੀ ਸਾਡੀ ਵੀ ਬਣਦੀ ਹੈ।

-ਰਜਵਿੰਦਰ ਪਾਲ ਸ਼ਰਮਾ, ਸੰਪਰਕ : 70873-67969

ਅਸੀਂ ਅਤੇ ਸਾਡੀਆਂ ਸੋਚਾਂ ਦਾ ਸੰਸਾਰ

ਉਸਾਰੂ ਸੋਚ ਇੱਕ ਅਜਿਹਾ ਪਾਰਸ ਹੁੰਦਾ ਹੈ, ਜਿਸ ਨਾਲ ਹਰ ਲੋਹੇ ਨੂੰ ਸੋਨੇ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ।

ਜਿਸ ਤਰ੍ਹਾਂ ਦੀ ਸਾਡੀ ਸੋਚ ਹੋਵੇਗੀ, ਉਸ ਤਰ੍ਹਾਂ ਦਾ ਸਾਡਾ ਜੀਵਨ ਬਣਦਾ ਜਾਵੇਗਾ। ਚੰਗੀਆਂ ਸੋਚਾਂ ਦੇ ਸੰਚਾਰ ਲਈ ਦੋ ਚੀਜ਼ਾਂ ਬੜੀਆਂ ਜ਼ਰੂਰੀ ਹਨ, ਇੱਕ ਤਾਂ ਇਹ ਸਾਡੇ ਕੋਲ ਚੰਗੇ ਵਿਚਾਰਾਂ ਦੇ ਸਰੋਤ ਹੋਣ, ਜਿਵੇਂ ਅਸੀਂ ਚੰਗੇ ਲੇਖਕਾਂ, ਵਿਦਵਾਨਾਂ ਦੀਆਂ ਚੰਗੀਆਂ ਕਿਤਾਬਾਂ, ਰਚਨਾਵਾਂ ਪੜ੍ਹੀਏ ਤੇ ਚੰਗੀਆਂ ਸੋਚਾਂ ਗ੍ਰਹਿਣ ਕਰੀਏ। ਦੂਜਾ ਇਹ ਕਿ ਅਸੀਂ ਆਪਣੇ ਮਨ ਦੇ ਮਾਲਕ ਆਪ ਬਣਨਾ ਸਿੱਖ ਜਾਈਏ। ਆਪਣੇ ਮਨ ਨੂੰ ਕਮਾਂਡ ਦੇਣੀ ਸਿੱਖ ਜਾਈਏ।

ਇੱਕ ਰਾਜਾ, ਜੋ ਬਹੁਤ ਬਹਾਦਰ ਸੀ,ਆਪਣੇ ਦੇਸ਼ ਦੀ ਆਨ ਤੇ ਸ਼ਾਨ ਲਈ ਉਹ ਕਈ ਵਾਰ ਆਪਣੀ ਫੌਜ ਦੇ ਅੱਗੇ ਹੋ ਕੇ ਲੜਿਆ ਸੀ, ਬਹੁਤ ਉਦਾਸ ਰਹਿਣ ਲੱਗਿਆ। ਜੰਗ ਵਿੱਚ ਇੱਕ ਤੀਰ ਵੱਜਣ ਨਾਲ ਉਹਦੀ ਅੱਖ ਚਲੀ ਗਈ ਸੀ ਅਤੇ ਜੰਗ ਵਿੱਚ ਪੈਰ 'ਤੇ ਗਹਿਰੀ ਸੱਟ ਲੱਗਣ ਨਾਲ ਪਿੰਜਣੀ ਤੋਂ ਹੇਠਾਂ ਉਸ ਦਾ ਪੈਰ ਕੱਟਣਾ ਪਿਆ ਸੀ। ਉਹਦੀ ਪ੍ਰੇਸ਼ਾਨੀ ਦਾ ਕਾਰਨ ਇਹ ਸੀ ਕਿ ਇੱਕ ਦਿਨ ਉਹ ਆਪਣੇ ਖਾਨਦਾਨ ਦੀਆਂ ਤਸਵੀਰਾਂ ਵਾਲੇ ਰਾਜ ਭਵਨ ਦੇ ਮਿਊਜ਼ੀਅਮ ਵਿੱਚ ਗਿਆ। ਉਸ ਨੇ ਆਪਣੇ ਉੱਚ ਖਾਨਦਾਨ, ਆਪਣੇ ਪਿਉ-ਦਾਦੇ ਅਤੇ ਉਹਨਾਂ ਦੇ ਵੱਡੇ-ਵਡੇਰਿਆਂ ਦੀਆਂ ਵੱਡੀਆਂ ਤਸਵੀਰਾਂ ਸਿਲਸਿਲੇਵਾਰ ਲੱਗੀਆਂ ਮਿਊਜ਼ੀਅਮ ਵਿੱਚ ਦੇਖੀਆਂ। ਇਹ ਤਸਵੀਰਾਂ ਬੜੀਆਂ ਸ਼ਾਨਦਾਰ ਸਨ। ਬੜੇ ਵੱਡੇ ਚਿੱਤਰਕਾਰਾਂ ਨੇ ਇਹਨਾਂ ਨੂੰ ਚਿਤਰਿਆ ਸੀ। ਰਾਜੇ ਦੇ ਬਾਪ ਦੀ ਤਸਵੀਰ ਤੋਂ ਅੱਗੇ ਕੋਈ ਹੋਰ ਤਸਵੀਰ ਨਹੀਂ ਸੀ, ਇਹ ਥਾਂ ਖਾਲੀ ਸੀ। ਜ਼ਾਹਿਰ ਸੀ ਕਿ ਇੱਥੇ ਰਾਜੇ ਦੀ ਤਸਵੀਰ ਲਾਈ ਜਾਣੀ ਸੀ। ਰਾਜੇ ਨੂੰ ਫਿਕਰ ਹੋ ਗਿਆ ਕਿ ਜਿੱਥੇ ਏਨੇ ਮਹਾਨ ਖਾਨਦਾਨ ਦੇ ਸ਼ਾਨਦਾਰ ਰਾਜਿਆਂ, ਮਹਾਰਾਜਿਆਂ ਦੀਆਂ ਤਸਵੀਰਾਂ ਹਨ, ਇੱਥੇ ਮੇਰੇ ਬਾਪ ਤੋਂ ਅਗਾਂਹ ਖਾਲੀ ਪਈ ਥਾਂ 'ਤੇ ਉਸ ਦੀ ਤਸਵੀਰ ਲੱਗੇਗੀ ਤਾਂ ਇਹ ਤਸਵੀਰ ਸਾਰੇ ਮਿਊਜ਼ੀਅਮ ਦੀ ਦਿੱਖ ਖਰਾਬ ਕਰ ਦੇਵੇਗੀ, ਕਿਉਂਕਿ ਉਹਦੀ ਇੱਕ ਅੱਖ ਦਾ ਨਾ ਹੋਣਾ ਉਹਦੇ ਚਿਹਰੇ ਨੂੰ ਕਰੂਪ ਕਰਦਾ ਸੀ। ਇੱਕ ਪੈਰ ਦਾ ਨਾ ਹੋਣਾ ਉਹਦੀ ਸਰੀਰਕ ਦਿੱਖ ਨੂੰ ਖਰਾਬ ਕਰ ਰਿਹਾ ਸੀ। ਉਸ ਨੇ ਆਪਣੀ ਉਦਾਸੀ ਦੀ ਗੱਲ ਇੱਕ ਆਪਣੇ ਨੇੜਲੇ ਮਿੱਤਰ ਮੰਤਰੀ ਨੂੰ ਦੱਸੀ। ਮੰਤਰੀ ਨੇ ਅਗਲੇ ਦਿਨ ਰਾਜ ਵਿੱਚ ਇਹ ਢੰਡੋਰਾ ਪਿਟਵਾ ਦਿੱਤਾ ਕਿ ਰਾਜ ਦਾ ਜਿਹੜਾ ਚਿੱਤਰਕਾਰ ਰਾਜੇ ਦੀ ਸਭ ਤੋਂ ਖੂਬਸੂਰਤ ਤਸਵੀਰ ਬਣਾ ਕੇ ਲਿਆਵੇਗਾ, ਉਸ ਨੂੰ ਰਾਜ ਦਰਬਾਰ ਵੱਲੋਂ ਵੱਡਾ ਇਨਾਮ ਦਿੱਤਾ ਜਾਵੇਗਾ, ਇਸ ਨਾਲ ਇਹ ਵੀ ਕਿਹਾ ਗਿਆ ਕਿ ਜਿਸ ਦੀ ਤਸਵੀਰ ਰਾਜੇ ਨੂੰ ਪਸੰਦ ਨਾ ਆਈ, ਉਸ ਚਿੱਤਰਕਾਰ ਨੂੰ ਸਜ਼ਾ ਵੀ ਦਿੱਤੀ ਜਾਵੇਗੀ। ਰਾਜ ਦੇ ਬਹੁਤ ਵੱਡੇ ਚਿੱਤਰਕਾਰ ਸਜ਼ਾ ਦੇ ਡਰੋਂ ਨਹੀਂ ਆਏ, ਜਿਹਨਾਂ ਨੇ ਰਾਜੇ ਨੂੰ ਹੁਣ ਤੱਕ ਨਹੀਂ ਦੇਖਿਆ ਸੀ, ਉਹ ਆਏ ਤੇ ਚੁੱਪ-ਚਾਪ ਉਹ ਵੀ ਸਜਾ ਦੇ ਡਰੋਂ ਖਿਸਕ ਗਏ। ਇਹਨਾਂ ਵਿੱਚ ਇੱਕ ਨੌਜੁਵਾਨ ਚਿੱਤਰਕਾਰ ਵੀ ਸੀ। ਉਸ ਕਿਹਾ, ਮੈਂ ਰਾਜੇ ਦਾ ਇੱਕ ਸ਼ਾਨਦਾਰ ਚਿੱਤਰ ਬਣਾਵਾਂਗਾ, ਜੇਕਰ ਰਾਜਾ ਸਾਹਿਬ ਨੂੰ ਪਸੰਦ ਨਾ ਆਵੇ ਤਾਂ ਇਸ ਲਈ ਮੈਨੂੰ ਬੇਸ਼ੱਕ ਫਾਂਸੀ ਦੀ ਸਜ਼ਾ ਦੇ ਦੇਣੀ।

ਗੁਰਚਰਨ ਸਿੰਘ ਨੂਰਪੁਰ

ਨੌਜਵਾਨ ਨੇ ਰਾਜੇ ਨੂੰ ਗਹੁ ਨਾਲ ਦੇਖਿਆ । ਦੋ ਮਹੀਨੇ ਦਾ ਸਮਾਂ ਮੰਗਿਆ ਤੇ ਆਪਣੇ ਨਿਵਾਸ 'ਤੇ ਚਿੱਤਰ ਬਣਾਉਣ ਚਲਾ ਗਿਆ। ਕਰੀਬ ਦੋ ਮਹੀਨੇ ਬਾਅਦ ਉਹ ਦਰਬਾਰ ਵਿੱਚ ਇੱਕ ਗੱਡੇ 'ਤੇ ਲੱਦ ਕੇ ਵੱਡੇ ਫਰੇਮ ਵਾਲੀ ਇੱਕ ਤਸਵੀਰ ਲੈ ਕੇ ਹਾਜ਼ਰ ਹੋਇਆ। ਤਸਵੀਰ ਨੂੰ ਇੱਕ ਵੱਡੀ ਚਾਦਰ ਨਾਲ ਢਕਿਆ ਹੋਇਆ ਸੀ। ਜਦੋਂ ਤਸਵੀਰ ਨੂੰ ਮੰਚ 'ਤੇ ਰੱਖਿਆ ਗਿਆ, ਕੁਝ ਮਸ਼ਾਲਾਂ ਜਗਾ ਕੇ ਇਸ ਤੋਂ ਚਿੱਤਰਕਾਰ ਨੇ ਬੜੇ ਸਵੈਮਾਣ ਨਾਲ ਚਾਦਰ ਪਾਸੇ ਹਟਾਈ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਇਹ ਚਿੱਤਰ ਅਜਿਹਾ ਚਿੱਤਰ ਸੀ, ਜੋ ਰਾਜੇ ਦੀ ਸਰੀਰਕ ਦਿੱਖ ਨੂੰ ਹੀ ਪੇਸ਼ ਨਹੀਂ ਕਰਦਾ ਸੀ, ਬਲਕਿ ਉਹਦੇ ਕਿਰਦਾਰ ਨੂੰ ਬਿਆਨ ਕਰਦਾ ਸੀ। ਇਸ ਚਿੱਤਰ ਵਰਗਾ ਮਿਊਜ਼ੀਅਮ ਵਿੱਚ ਪਹਿਲਾਂ ਇੱਕ ਵੀ ਚਿੱਤਰ ਨਹੀਂ ਸੀ। ਨੌਜਵਾਨ ਚਿੱਤਰਕਾਰ ਨੇ ਰਾਜੇ ਨੂੰ ਇੱਕ ਦੌੜ ਰਹੇ ਘੋੜੇ 'ਤੇ ਸਵਾਰ ਹੋ ਕੇ ਨਿਸ਼ਾਨਾ ਸੇਧਦਿਆਂ ਵਿਖਾਇਆ ਸੀ। ਰਾਜੇ ਦੀ ਇੱਕ ਸੱਜੀ ਅੱਖ ਜੋ ਠੀਕ ਸੀ, ਉਹ ਖੁੱਲ੍ਹੀ ਹੋਈ ਸੀ ਤੇ ਖੱਬੀ ਅੱਖ ਜੋ ਖਰਾਬ ਸੀ, ਉਸ ਨੂੰ ਚਿੱਤਰਕਾਰ ਨੇ ਬੰਦ ਵਿਖਾਇਆ। ਕੱਟਿਆ ਹੋਇਆ ਪੈਰ ਘੋੜੇ ਦੇ ਓਹਲੇ ਸੀ। ਸਲਾਮਤ ਪੈਰ ਸਭ ਦੇ ਸਾਹਮਣੇ ਸੀ। ਚਿੱਤਰ ਵਿੱਚ ਰਾਜਾ ਇੰਜ ਜਾਪਦਾ ਸੀ ਕਿ ਜਿਵੇਂ ਕੋਈ ਦੁਨੀਆ ਦਾ ਮਹਾਨ ਜਰਨੈਲ ਆਪਣੀ ਮੁਹਿੰਮ ਦੀ ਅਗਵਾਈ ਕਰਦਿਆਂ ਜੰਗ ਦੇ ਮੈਦਾਨ ਵਿੱਚ ਆਪਣੀ ਬਹਾਦਰੀ ਵਿਖਾ ਰਿਹਾ ਹੋਵੇ ਤੇ ਉਸ ਦੇ ਮਗਰ-ਮਗਰ ਉਹਦੀ ਫੌਜ ਆ ਰਹੀ ਹੋਵੇ। ਰਾਜਾ ਆਪਣੇ ਸਿੰਘਾਸਣ ਤੋਂ ਉੱਠਿਆ। ਉਸ ਨੇ ਚਿੱਤਰਕਾਰ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ।

ਇਹ ਕਿਵੇਂ ਸੰਭਵ ਹੋਇਆ। ਚਿੱਤਰਕਾਰ ਨੇ ਰਾਜੇ ਦੇ ਚੰਗੇ ਸਰੀਰਕ ਪੱਖ ਅਤੇ ਉਸ ਦੇ ਬਹਾਦਰੀ ਵਾਲੇ ਕਿਰਦਾਰ ਨੂੰ ਵੇਖਿਆ। ਚਿੱਤਰਕਾਰ ਨੇ ਰਾਜੇ ਦੀਆਂ ਸਰੀਰਕ ਊਣਤਾਈਆਂ ਨੂੰ ਬਿਲਕੁਲ ਹੀ ਅਣਗੌਲਿਆ ਕਰ ਦਿੱਤਾ ਅਤੇ ਵੱਡਾ ਇਨਾਮ ਹਾਸਲ ਕੀਤਾ। ਰਾਜੇ ਨੇ ਉਸ ਦਿਨ ਰਾਜ ਦਰਬਾਰ ਵਿੱਚ ਖੁਸ਼ੀ ਵਿੱਚ ਇੱਕ ਜਸ਼ਨ ਮਨਾਇਆ। ਇਹ ਕਹਾਣੀ ਸੱਚੀ ਹੈ ਜਾਂ ਕਲਪਿਤ, ਇਸ 'ਤੇ ਗੌਰ ਕਰਨ ਦੀ ਲੋੜ ਨਹੀਂ ਪਰ ਇਹ ਸੱਚ ਹੈ। ਇਹ ਕਹਾਣੀ ਸਾਡੇ ਜੀਵਨ ਦੀ ਕਹਾਣੀ ਹੈ ਅਤੇ ਇਹ ਸਾਡੇ ਨਾਲ ਹਰ ਰੋਜ਼ ਵਾਪਰਦੀ ਹੈ।

ਸਾਡੇ ਜੀਵਨ ਵਿੱਚ ਅਤੇ ਸਾਡੇ ਆਲੇ-ਦੁਆਲੇ ਚੰਗਾ ਤੇ ਮਾੜਾ ਹਰ ਸਮੇਂ ਵਾਪਰ ਰਿਹਾ ਹੈ। ਅਸੀਂ ਦੇਖਣਾ ਹੈ ਕਿ ਅਸੀਂ ਇਸ ਹਾਲਾਤ ਨੂੰ ਕਿਵੇਂ ਦੇਖਣਾ ਹੈ। ਅਸੀਂ ਚੰਗਿਆਈ ਨੂੰ ਹੋਰ ਚੰਗਾ ਬਣਾਉਣ ਲਈ ਕਿਵੇਂ ਕੋਸ਼ਿਸ਼ਾਂ ਕਰਨੀਆਂ ਹਨ, ਰਾਜੇ ਦੀ ਦਿੱਖ ਵਾਂਗ ਹਰ ਤਰ੍ਹਾਂ ਦੇ ਹਾਲਾਤ ਵਿੱਚ ਬਹੁਤ ਕੁਝ ਚੰਗਾ ਵੀ ਹੁੰਦਾ ਹੈ ਅਤੇ ਬਹੁਤ ਕੁਝ ਮਾੜਾ ਵੀ, ਇਸੇ ਤਰ੍ਹਾਂ ਦੀ ਹੀ ਸਾਡੀ ਜ਼ਿੰਦਗੀ ਹੈ। ਜ਼ਿੰਦਗੀ ਵਿੱਚ ਅਸੀਂ ਆਪਣੀਆਂ ਚੰਗੀਆਂ ਸੋਚਾਂ ਅਤੇ ਚੰਗੀਆਂ ਆਦਤਾਂ ਨੂੰ ਕਿਵੇਂ ਵਿਕਸਤ ਕਰਨਾ ਹੈ ਅਤੇ ਕਿਸ ਤਰ੍ਹਾਂ ਇਹਨਾਂ ਨੂੰ ਉਸ ਨੌਜਵਾਨ ਚਿੱਤਰਕਾਰ ਵਾਂਗ ਸ

1-MAR-PAGE-5.qxd 2/28/2025 10:50 PM Page 1

ਦੇਸ਼ ਦੀ ਜਵਾਨੀ ਨੂੰ ਸੁਰੱਖਿਅਤ ਕਰਨ ਲਈ 'ਬਨੇਗਾ' ਪਾਰਲੀਮੈਂਟ 'ਚ ਪਾਸ ਹੋਵੇ : ਕਰਮਵੀਰ ਬਧਨੀ, ਇੰਦਰਜੀਤ ਦੀਨਾ

■ ਬਨੇਗਾ ਪ੍ਰਾਪਤੀ ਮੁਹਿੰਮ ਅਧੀਨ ਵੱਖ-ਵੱਖ ਥਾਈਂ ਪ੍ਰਦਰਸ਼ਨ

ਮੋਗਾ (ਇਕਬਾਲ ਸਿੰਘ ਖਹਿਰਾ)-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ਤੇ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਪ੍ਰਾਪਤ ਕਰਨ ਲਈ ਪਿਛਲੇ ਮਹੀਨੇ ਤੋਂ ਸ਼ੁਰੂ ਕੀਤੇ ਮਹੀਨਾਵਾਰ 'ਬਨੇਗਾ ਐਕਸ਼ਨ ਡੇਅ' ਨੂੰ ਜਾਰੀ ਰੱਖਦਿਆਂ ਸ਼ੁੱਕਰਵਾਰ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਮਹੀਨਾਵਾਰੀ 'ਬਨੇਗਾ ਐਕਸ਼ਨ' ਕੀਤਾ ਜਾਂ ਰਿਹਾ ਹੈ।ਇਸੇ ਕੜੀ ਤਹਿਤ ਅੱਜ ਮੋਗਾ ਵਿਖੇ ਬੱਸ ਸਟੈਂਡ ਮੇਨ ਚੌਕ ਪੁਲ ਥੱਲੇ ਇਹ ਪ੍ਰੋਗਰਾਮ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਸਵਰਾਜ ਖੋਸਾ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਦੀਨਾ ਦੀ ਅਗਵਾਈ ਵਿੱਚ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਬੱਧਨੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਸਮੇਂ ਦੋਨਾਂ ਜਥੇਬੰਦੀਆਂ ਦੇ ਕਾਰਕੁਨਾਂ ਤੇ ਆਗੂਆਂ ਨੇ ਸ਼ਮੂਲੀਅਤ ਕੀਤੀ।ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਆਗੂਆਂ ਨੇ ਕਿਹਾ ਕਿ ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੀ ਪ੍ਰਾਪਤੀ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਇਹ ਸੰਘਰਸ਼ ਕਾਨੂੰਨ ਦੀ ਪ੍ਰਾਪਤੀ ਤੱਕ ਲਗਾਤਾਰ ਜਾਰੀ ਰਹੇਗਾ।

ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਅੱਜ ਦਾ ਸਮਾਂ ਮੰਗ ਕਰਦਾ ਕਿ ਹਕੂਮਤ ਵੱਲੋਂ ਜਿਸ ਤਰਾਂ ਦੇ ਹਲਾਤ ਬਣਾਏ ਜਾ ਰਹੇ ਹਨ ਉਨ੍ਹਾਂ ਬਾਰੇ ਸੋਚੀਏ ਤੇ ਸਹੀ ਰਾਹ ਚੁਣ ਅੱਗੇ ਵਧੀਏ। ਉਨ੍ਹਾਂ ਕਿਹਾ ਕਿ ਸਰਮਾਏਦਾਰੀ ਜਿਸ ਪੜਾਅ 'ਤੇ ਪਹੁੰਚ ਚੁੱਕੀ ਹੈ।ਕਿਰਤ ਦੀ ਲੁੱਟ ਕਰਨ ਵਾਲੇ ਮੁੱਠੀ ਭਰ ਲੋਕ ਕੁੱਲ ਦੁਨੀਆ ਦੀ ਦੌਲਤ 'ਤੇ ਕਾਬਜ਼ ਹੋ ਰਹੇ ਹਨ ਤੇ ਬਾਕੀ ਵਸੋਂ ਦੋ ਵਕਤ ਦੀ ਰੋਟੀ ਤੋਂ ਵੀ ਮੁਥਾਜ ਕੀਤੀ ਜਾ ਰਹੀ ਹੈ।ਇਸ ਮੌਕੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਜਗਵਿੰਦਰ ਕਾਕਾ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਜਵਾਨੀ ਨੂੰ ਵਰਤਿਆ ਹੈ।ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪ੍ਰਬੰਧ ਨੇ ਲੋਕਾਂ ਨੂੰ ਕਿਰਤ ਤੋਂ ਪਾਸੇ ਕਰ ਉਨ੍ਹਾਂ ਨੂੰ ਵਿਹਲਿਆਂ ਭੀੜਾਂ ਬਣਾ ਆਪਣੇ ਮੁਨਾਫੇ ਵਧਾਉਣ ਲਈ ਇਨ੍ਹਾਂ ਦਾ ਲਾਹਾ ਲਿਆ ਹੈ। ਉਨ੍ਹਾਂ ਨੌਜਵਾਨਾਂ/ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਓ, ਇਸ ਲਹਿਰ ਦਾ ਹਿੱਸਾ ਬਣੀਏ।ਇਸ ਮੌਕੇ ਸਰਵ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ ਤੇ ਸਾਬਕਾ ਜ਼ਿਲ੍ਹਾ ਸਕੱਤਰ ਜਗਸੀਰ ਖੋਸਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਸਮੇਂ ਹੋਰਨਾਂ ਤੋਂ ਇਲਾਵਾ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ, ਸਰਵ ਭਾਰਤ ਨੌਜਵਾਨ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਬੋਹੜ ਬੁੱਟਰ, ਜ਼ਿਲ੍ਹਾ ਮੀਤ ਪ੍ਰਧਾਨ ਰਾਜੂ ਮਹੇਸਰੀ, ਸੁਰਿਦਰ ਸਿੰਘ ਦਾਤੇਵਾਲ, ਬਾਜ਼ ਸਿੰਘ ਮੋਗਾ, ਜਿੰਦਰ ਚੜਿੱਕ, ਸੁੱਖਾ ਪੋਟਰ, ਲਵਪ੍ਰੀਤ ਕੌਰ ਮੋਗਾ, ਸੁਖਦੀਪ ਕੌਰ, ਕੁਲਵਿੰਦਰ ਸਿੰਘ ਟੋਨੀ, ਜਗਦੀਸ਼ ਸਿੰਘ ਬੁੱਟਰ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਫਰੀਦਕੋਟ (ਐਲਿਗਜੈਂਡਰ ਡਿਸੂਜਾ) : ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਇਥੇ ਡਿਪਟੀ ਕਮਿਸ਼ਨਰ ਦਫਤਰ ਅੱਗੇ 90 ਘੰਟੇ ਕੰਮ ਹਫਤੇ ਦੀ ਤਜਵੀਜ਼ ਖਿਲਾਫ ਤੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਅਤੇ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਦੀ ਪ੍ਰਾਪਤੀ ਲਈ ਪ੍ਰਦਰਸ਼ਨ ਕੀਤਾ ਗਿਆ।ਇਸ ਪ੍ਰਦਰਸ਼ਨ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤਚਮੇਲੀ, ਜ਼ਿਲ੍ਹਾ ਮੀਤ ਪ੍ਰਧਾਨ ਅੰਜੂ ਕੌਰ ਰਾਜੋਵਾਲਾ, ਸੀਨੀਅਰ ਆਗੂ ਗੋਰਾ ਸਿੰਘ ਪਿੱਪਲੀ, ਜ਼ਿਲ੍ਹਾ ਆਗੂ ਹਰਪ੍ਰੀਤ ਢਿੱਲਵਾਂ, ਜ਼ਿਲ੍ਹਾ ਆਗੂ ਸੁਰਜੀਤ ਸਿੰਘ ਕੰਮੇਆਣਾ, ਸੋਨੂੰ ਰਾਜੋਵਾਲਾ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਕੋਮਲਪ੍ਰੀਤ ਰਾਜੋਵਾਲਾ ਤੇ ਸ਼ਗੁਨ ਰਾਜੋਵਾਲਾ ਨੇ ਕੀਤੀ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਛੱਪੜੀ ਵਾਲਾ ਤੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਚਮੇਲੀ ਨੇ ਕਿਹਾ ਕਿ ਮੌਜੂਦਾ ਕੇਂਦਰ ਦੀ ਸਰਕਾਰ ਤੇ ਦੇਸ਼ ਦੇ ਪੂੰਜੀਪਤੀਆਂ ਵੱਲੋਂ 12 ਘੰਟੇ ਕਾਨੂੰਨੀ ਕੰਮ ਦਿਹਾੜੀ ਤੇ 90 ਘੰਟੇ ਦਾ ਹਫਤਾ ਨੀਤੀਆਂ ਲਾਗੂ ਕਰਨ ਦੀਆਂ ਤਜਵੀਜ਼ਾਂ ਲਿਆਂਦੀਆਂ ਜਾ ਰਹੀਆਂ ਹਨ, ਜਿਸ ਨਾਲ ਕਿਰਤੀਆਂ ਦੀ ਭਾਰੀ ਆਰਥਿਕ ਲੁੱਟ ਲਈ ਪੂੰਜੀਪਤੀਆਂ ਨੂੰ ਖੁੱਲ੍ਹੀ ਛੋਟ ਮਿਲ ਜਾਵੇਗੀ।ਇਸ ਤਜਵੀਜ਼ ਦੇ ਲਾਗੂ ਹੋਣ ਨਾਲ ਕੰਮ 'ਤੇ ਲੱਗੇ ਕਾਮਿਆਂ ਦਾ ਕੰਮ ਬੋਝ ਖਤਰਨਾਕ ਹੱਦ ਤੱਕ ਵਧ ਜਾਵੇਗਾ ਤੇ ਦੂਜੇ ਪਾਸੇ ਐਤਵਾਰ ਦੀ ਛੁੱਟੀ ਵੀ ਖ਼ਤਮ ਹ�ो ਜਾਵੇਗੀ, ਜੋ ਕਿ ਦੇਸ਼ ਤੇ ਕਿਰਤੀਆਂ ਵਿਰੋਧੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਇਸ ਬਨੇਗਾ ਪ੍ਰਦਰਸ਼ਨ 'ਚ ਹੋਰਨਾਂ ਤੋਂ ਇਲਾਵਾ ਸਾਬਕਾ ਨੌਜਵਾਨ ਆਗੂ ਵੀਰ ਸਿੰਘ ਕੰਮੇਆਣਾ, ਜਸਪ੍ਰੀਤ ਕੌਰ ਰਾਜੋਵਾਲਾ, ਕ੍ਰਾਂਤੀ ਢਿੱਲਵਾਂ, ਸਵਰਨ ਢਿੱਲਵਾਂ, ਜਗਜੀਤ ਜੱਗਾ ਫਰੀਦਕੋਟ, ਰਛਪਾਲ ਪਾਲੀ ਫਰੀਦਕੋਟ ਆਦਿ ਹਾਜ਼ਰ ਸਨ।

ਜਲਾਲਾਬਾਦ (ਰਣਬੀਰ ਕੌਰ ਢਾਬਾਂ, ਜੀਤ ਕੁਮਾਰ, ਜੰਗੀਰ ਕੌਰ) : ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਹਰ ਇੱਕ ਲਈ ਰੁਜ਼ਗਾਰ ਦੀ ਗਾਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ (ਬਨੇਗਾ) ਦੀ ਪ੍ਰਾਪਤੀ ਲਈ ਅਤੇ 6 ਘੰਟੇ ਦੀ ਕਾਨੂੰਨ ਕੰਮ ਦਿਹਾੜੀ ਲਾਗੂ ਕਰਵਾਉਣ ਲਈ ਸਥਾਨਕ ਐੱਸ ਡੀ ਐੱਮ ਦਫਤਰ ਵਿਖੇ ਨੌਜਵਾਨਾਂ ਵੱਲੋਂ ਬਨੇਗਾ ਐਕਸ਼ਨ ਡੇਅ ਦੇ ਨਾਮ 'ਤੇ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਪ੍ਰਧਾਨ ਅਸ਼ੋਕ ਢਾਬਾਂ, ਮੀਤ ਪ੍ਰਧਾਨ ਗੁਰਮੁੱਖ ਢੰਡੀਆਂ, ਏ ਆਈ ਐੱਸ ਐੱਫ ਦੇ ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ, ਅਰਵੀਨ ਢਾਬਾਂ ਤੇ ਸਤੀਸ਼ ਛੱਪੜੀ ਵਾਲਾ ਨੇ ਕੀਤੀ।ਇਸ ਮੌਕੇ ਵੱਖ ਵੱਖ ਪਿੰਡਾਂ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਤੇ ਏਆਈਐੱਸਐੱਫ ਦੇ ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਇਥੇ ਰੁਜ਼ਗਾਰ ਨਾ ਮਿਲਣ ਕਾਰਨ ਵਿਦੇਸ਼ਾਂ ਵੱਲ ਜਾ ਰਹੀ ਹੈ ਤੇ ਹੁਣ ਉਨ੍ਹਾਂ ਨੂੰ ਅਪਮਾਨਤ ਕਰਕੇ ਪੈਰਾਂ ਵਿੱਚ ਬੇੜੀਆਂ ਤੇ ਹੱਥਾਂ ਵਿੱਚ ਹੱਥ ਕੜੀਆਂ ਲਗਾ ਕੇ ਵਾਪਸ ਭੇਜਿਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਇਹ ਸਰਕਾਰਾਂ ਦੀਆਂ ਨੀਤੀਆਂ ਦਾ ਹੀ ਸਿੱਟਾ ਹੈ ਕਿ ਸਾਡੇ ਦੇਸ਼ ਦੀ ਜਵਾਨੀ, ਜਿਸ ਨੇ ਦੇਸ਼ ਦੀ ਤਰੱਕੀ ਤੇ ਦੇਸ਼ ਦੀ ਕੌਮੀ ਆਮਦਨ ਵਿੱਚ ਵਾਧਾ ਕਰਨ ਵਿੱਚ ਅਹਿਮ ਯੋਗਦਾਨ ਪਾਉਣਾ ਸੀ, ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਪਰਿਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਭਰ ਵਿੱਚ ਬਨੇਗਾ ਐਕਸ਼ਨ ਡੇਅ ਦੇ ਨਾਂ 'ਤੇ ਐਕਸ਼ਨ ਕੀਤੇ ਜਾ ਰਹੇ ਹਨ, ਤਾਂ ਜੋ ਦੇਸ਼ ਦੀ ਜਵਾਨੀ ਨੂੰ ਸਨਮਾਨ ਮਿਲੇ ਤੇ ਉਨ੍ਹਾਂ ਦੇ ਰੁਜ਼ਗਾਰ ਦੀ ਗਾਰੰਟੀ ਕਰਦਾ ਕਾਨੂੰਨ ਬਨੇਗਾ ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨੈਲ ਬੱਘੇ ਕੇ, ਹਰਚਰਨ ਪਾਲੀਵਾਲਾ, ਬਿੰਦਰ ਘੁੱਗੀ, ਗੁਰਦੇਵ ਤਾਰੇ ਵਾਲਾ, ਜਰਨੈਲ ਢਾਬਾਂ, ਵਰਿੰਦਰ ਸਿੰਘ, ਬਲਕਾਰ ਚੱਕ ਵਜੀਦਾ, ਐਡਵੋਕੇਟ ਮੰਜੂ ਬਾਲਾ, ਐਡਵੋਕੇਟ ਪਰਮਜੀਤ ਕੌਰ ਘੁਬਾਇਆ, ਰੇਖਾ ਰਾਣੀ ਘੁੱਗੀ, ਛਿੰਦਰ ਮਹਾਲਮ, ਜੋਗਿੰਦਰ ਮੁਰਕਵਾਲਾ, ਰਣਜੀਤ ਸਿੰਘ ਖਿਲਚੀਆਂ ਹਾਜ਼ਰ ਸਨ।

ਏ ਕੈਟਾਗਰੀ ਦੇ ਗੈਂਗਸਟਰ ਤੇ ਸੀ ਆਈ ਏ ਸਟਾਫ ਵਿਚਕਾਰ ਮੁੱਠਭੇੜ

ਭੱਜਣ ਦੀ ਕੋਸ਼ਿਸ਼ ਕਰਦੇ ਗੈਂਗਸਟਰ ਦੇ ਜਵਾਬੀ ਫਾਇਰਿੰਗ 'ਚ ਲੱਤ 'ਤੇ ਵੱਜੀ ਗੋਲੀ, ਮੁੜ ਕੀਤਾ ਕਾਬੂ

ਮੋਗਾ (ਇਕਬਾਲ ਸਿੰਘ ਖਹਿਰਾ)-ਸੀ.ਆਈ.ਏ. ਸਟਾਫ ਮੋਗਾ ਵੱਲੋਂ ਬੀਤੇ ਦਿਨ ਏ ਕੈਟਾਗਰੀ ਦੇ ਗੈਂਗਸਟਰ ਗੁਰਦੀਪ ਸਿੰਘ ਬਰਨਾਲਾ ਤੇ ਉਸ ਦੇ ਸਾਥੀ ਨੂੰ 400 ਗ੍ਰਾਮ ਹੈਰੋਇਨ ਤੇ ਬੀ ਐੱਮ ਡਬਲਯੂ ਕਾਰ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਮੋਗਾ ਪੁਲਸ ਵੱਲੋਂ 27 ਫਰਵਰੀ ਨੂੰ ਅਦਾਲਤ ਪਾਸੋਂ ਇੱਕ ਦਿਨ ਦਾ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਦੌਰਾਨ ਗੁਰਦੀਪ ਸਿੰਘ ਤੋਂ ਹਥਿਆਰਾਂ ਦੀ ਬਰਾਮਦਗੀ ਲਈ ਉਸ ਵੱਲੋਂ ਦੱਸੀ ਥਾਂ 'ਤੇ ਲੈ ਕੇ ਗਏ ਸਨ, ਜਿਸ ਦੌਰਾਨ ਬਰਸਾਤ ਹੋਣ ਕਾਰਨ ਉਸ ਵੱਲੋਂ ਛੁਪਾਏ ਹਥਿਆਰ ਨੂੰ ਕੱਢ ਕੇ ਪੁਲਸ ਤੇ ਫਾਇਰਿੰਗ ਕੀਤੀ ਗਈ ਅਤੇ ਪੁਲਸ ਦੀ ਜਵਾਬੀ ਫਾਇਰਿੰਗ ਵਿੱਚ ਉਸ ਦੀ ਲੱਤ 'ਤੇ ਗੋਲੀ ਲੱਗੀ, ਜਿਸ 'ਤੇ ਉਹ ਜ਼ਖਮੀ ਹੋ ਗਿਆ ਅਤੇ ਮੁੜ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਪੀ.ਆਈ. ਬਾਲ ਕ੍ਰਿਸ਼ਨ ਸਿੰਗਲਾ ਨੇ ਦੱਸਿਆ ਕਿ ਮਾੜੇ ਅੰਸਰਾਂ ਤੇ ਨਸ਼ਾ ਤਸਕਰਾਂ ਖਿਲਾਫ ਪੰਜਾਬ ਸਰਕਾਰ ਅਤੇ ਡੀਜੀਪੀ ਪੰਜਾਬ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਮੋਗਾ ਪੁਲਸ ਨੇ ਪਿਛਲੇ ਦਿਨ ਏ ਕੈਟਾਗਰੀ ਦੇ ਗੈਂਗਸਟਰ ਗੁਰਦੀਪ ਸਿੰਘ ਬਰਨਾਲਾ, ਜਿਸ 'ਤੇ 42 ਮਾਮਲੇ ਦਰਜ ਹਨ, ਨੂੰ ਉਸ ਦੇ ਸਾਥੀ ਸਮੇਤ ਸੀ.ਆਈ.ਏ. ਸਟਾਫ ਮੋਗਾ ਵੱਲੋਂ ਕਾਬੂ ਕੀਤਾ ਗਿਆ ਸੀ ਅਤੇ ਰਿਮਾਂਡ ਤੋਂ ਬਾਅਦ ਬਰਾਮਦਗੀ ਕਰਵਾਉਣ ਲਈ ਪੁਲਸ ਅੱਜ ਉਸ ਨੂੰ ਲੈ ਕੇ ਉਸ ਵੱਲੋਂ ਦੱਸੀ ਥਾਂ 'ਤੇ ਗਈ ਸੀ, ਜਿੱਥੇ ਉਸ ਹਥਿਆਰ ਲਕੋ ਕੇ ਰੱਖੇ ਸਨ, ਉਥੋਂ ਪਿਸਤੌਲ ਨੂੰ ਕੱਢ ਕੇ ਪੁਲਸ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ, ਜਿਸ 'ਤੇ ਸੀ.ਆਈ.ਏ. ਸਟਾਫ ਦੀ ਟੀਮ ਵੱਲੋਂ ਮੁਸ਼ਤੈਦੀ ਵਿਖਾਉਂਦਿਆਂ ਉਸ 'ਤੇ ਜਵਾਬੀ ਫਾਇਰਿੰਗ ਕੀਤੀ ਗਈ, ਜੋ ਇਸ ਗੈਂਗਸਟਰ ਦੀ ਲੱਤ 'ਤੇ ਗੋਲੀ ਲੱਗੀ ਤੇ ਉਹ ਜ਼ਖਮੀ ਹੋ ਗਿਆ, ਜਿਸ ਨੂੰ ਪੁਲਸ ਨੇ ਕਾਬੂ ਕਰਕੇ ਮੋਗਾ ਦੇ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ, ਜਿਸ ਸਬੰਧੀ ਗੈਂਗਸਟਰ ਗੁਰਦੀਪ ਸਿੰਘ 'ਤੇ ਇੱਕ ਹੋਰ ਮਾਮਲਾ ਦਰਜ ਕੀਤਾ ਗਿਆ ।

ਕਾਤਰਾਂ

ਅੱਖਾਂ ਦਾ ਮੁਫਤ ਕੈਂਪ ਅੱਜ

ਧੂਰੀ (ਬਿੰਨੀ ਗਰਗ)-ਸਰਵ ਭਾਰਤੀਯ ਸੇਵਾ ਸੰਮਤੀ ਤੇ ਸੇਵਾ ਸੰਮਿਤੀ ਚੈਰੀਟੇਬਲ ਟਰੱਸਟ ਧੂਰੀ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਮਤੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 48ਵਾਂ ਅੱਖਾਂ ਦਾ ਮੁਫਤ ਚੈੱਕਅਪ ਤੇ ਆਪ੍ਰੇਸ਼ਨ ਕੈਂਪ 1 ਮਾਰਚ ਨੂੰ ਸ੍ਰੀ ਸਨਾਤਨ ਧਰਮ ਸਭਾ ਆਸ਼ਰਮ ਧੂਰੀ ਪਿੰਡ ਰੋਡ ਧੂਰੀ ਵਿਖੇ ਲਗਾਇਆ ਜਾ ਰਿਹਾ ਹੈ।ਇਸ ਕੈਂਪ ਵਿੱਚ ਸ੍ਰੀ ਸ੍ਰੀ 1008 ਸਵਾਮੀ ਆਤਮਾ ਨੰਦ ਜੀ ਮਹਾਰਾਜ ਗੱਦੀ ਨਸ਼ੀਨ ਬ੍ਰਹਮਾਨੰਦ ਭੂਰੀ ਵਾਲੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਕੰਪਿਊਟਰ ਰਾਹੀਂ ਅੱਖਾਂ ਨੂੰ ਟੈਸਟ ਕਰਕੇ, ਲੋੜਵੰਦ ਮਰੀਜ਼ਾਂ ਦੇ ਲੈਂਜ ਬਿਨਾਂ ਟਾਂਕੇ ਫੋਕੋ ਵਿਧੀ ਰਾਹੀਂ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਪਾਏ ਜਾਣਗੇ।

ਗੁਰਵਿੰਦਰ ਸਿੰਘ ਬਣੇ ਸੀਨੀਅਰ ਕਾਂਸਟੇਬਲ

ਕੋਟ ਈਸੇ ਖਾਂ (ਅਰੋੜਾ)-ਸ਼ਹਿਰ ਦੇ ਲਾਗਲੇ ਪਿੰਡ ਜਾਫਰਵਾਲਾ (ਮੋਗਾ) ਦੇ ਵਸਨੀਕ ਤੇ ਪੰਜਾਬ ਪੁਲਸ ਵਿੱਚ ਬਤੌਰ ਕਾਂਸਟੇਬਲ ਦੀ ਡਿਊਟੀ ਨਿਭਾਅ ਰਹੇ ਗੁਰਵਿੰਦਰ ਸਿੰਘ ਨੂੰ ਤਰੱਕੀ ਦੇ ਕੇ ਸੀਨੀਅਰ ਕਾਂਸਟੇਬਲ ਬਣਾਇਆ ਗਿਆ।ਡੀਐੱਸਪੀ ਰਮਨਦੀਪ ਸਿੰਘ ਵੱਲੋਂ ਗੁਰਵਿੰਦਰ ਸਿੰਘ ਦੇ ਫੀਤੀਆਂ ਲਗਾ ਕੇ ਪਦਉੱਨਤ ਕੀਤਾ ਗਿਆ ਤੇ ਇਸ ਮੌਕੇ ਰੀਡਰ ਸਰਬਜੀਤ ਸਿੰਘ ਵੀ ਹਾਜ਼ਰ ਸਨ। ਡੀਐੱਸਪੀ ਸਾਹਿਬ, ਰੀਡਰ ਸਾਹਿਬ ਤੇ ਮਹਿਕਮੇ ਵੱਲੋਂ ਗੁਰਵਿੰਦਰ ਸਿੰਘ ਨੂੰ ਵਧਾਈ ਦਿੱਤੀ ਗਈ ਅਤੇ ਅੱਗੇ ਵੀ ਆਪਣੀ ਡਿਊਟੀ ਵਧੀਆ ਤਰੀਕੇ ਨਾਲ ਕਰਨ ਲਈ ਪ੍ਰੇਰਿਤ

1- March - Page - 6.qxd 2/28/2025 11:11 PM Page 1

ਪਬਲਿਕ ਨੋਟਿਸ

ਮੈਂ, ਸਰਬਜੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਅਦਲੀਵਾਲ, ਤਹਿਸੀਲ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਇਕ ਮਕਾਨ ਜਗ੍ਹਾ ਕਰੀਬ 9 ਮਰਲੇ ਵੇਰਵਾ ਏ ਜਗ੍ਹਾ 8 ਮਰਲੇ ਦਾ ਹਦੂਦ ਅਰਬਾ ਚੜ੍ਹਦੇ ਮਕਾਨ ਗੁਰਕ੍ਰਿਪਾਲ ਸਿੰਘ, ਲਹਿੰਦੇ ਮਕਾਨ ਗੁਰਚਰਨ ਸਿੰਘ, ਪਹਾੜ ਮਕਾਨ ਗੁਰਪ੍ਰੀਤ ਸਿੰਘ, ਦੱਖਣ ਰਸਤਾ ਸ਼ਰੇਆਮ ਅਤੇ ਵੇਰਵਾ ਬੀ ਖਾਲੀ ਜਗ੍ਹਾ 1 ਮਰਲਾ, ਜਿਸ ਦਾ ਹਦੂਦ ਅਰਬਾ ਚੜ੍ਹਦੇ ਜਗ੍ਹਾ ਗੁਰਕ੍ਰਿਪਾਲ ਸਿੰਘ, ਲਹਿੰਦੇ ਜਗ੍ਹਾ ਗੁਰਚਰਨ ਸਿੰਘ, ਪਹਾੜ ਰਸਤਾ ਸ਼ਰੇਆਮ, ਦੱਖਣ ਜਗ੍ਹਾ ਗੁਰਚਰਨ ਸਿੰਘ ਵਾਕਿਆ ਰਕਬਾ ਅੰਦਰੂਨ ਅਬਾਦੀ ਅੰਦਰ ਲਾਲ ਲਕੀਰ ਪਿੰਡ ਅਦਲੀਵਾਲ, ਤਹਿਸੀਲ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ ਆਪਣੀ ਪਤਨੀ ਚਰਨਜੀਤ ਕੌਰ ਪਤਨੀ ਸਰਬਜੀਤ ਸਿੰਘ ਵਾਸੀ ਅਦਲੀਵਾਲ, ਤਹਿਸੀਲ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਤਬਦੀਲ ਮਲਕੀਅਤ (ਮੁੰਤਕਿਲ ਨਾਮਾ) ਕਰਵਾ ਰਿਹਾ ਹਾਂ।

ਜੇਕਰ ਕਿਸੇ ਵਿਅਕਤੀ ਨੂੰ ਇਸ ਤਬਦੀਲ ਮਲਕੀਅਤ (ਮੁੰਤਕਿਲ ਨਾਮਾ) ਕਰਨ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ 15 ਦਿਨ ਦੇ ਅੰਦਰ-ਅੰਦਰ ਸਬ-ਰਜਿਸਟਰਾਰ ਤਹਿਸੀਲ ਰਾਜਾਸਾਂਸੀ ਵਿਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਪੇਸ਼ ਕਰੇ।

COURT NOTICE

(U/O 5 Rule 20 Cpc)
In The Court of
Ms. Sumukhi
Additional Civil Judge (Senior Division), Malout
CNR No. PBSMB0-000076-2024
Next Date:- 24-03-2025
Punjab And Sind Bank
Vs.
M/S Bhagwati Karyana Store
Publication Issued To:
Lrs. B. Smt. Sheena Bhateja Widow of Atul Bhateja R/o H.No. 84, C/o Palli Makkar House, Birla Colony, Malout

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 24-03-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division) Malout
Dated, this day of 25-02-2025

COURT NOTICE

(U/O 5 Rule 20 CPC)
In The Court Of
Ms. Pooja Andotra
Additional District and Sessions Judge, Tarn Taran
Next Date, Purpose of case, Orders and Judgments as well as other case information is available on http://districts.ecourts.gov.in
CNR No. PBTT01-006685-2022
Next Date:- 04-04-2025
Dalbir Kaur Vs. Rupali
Publication Issued To:
Rupali
Spouse : Raj Kumar
R/O Near Govt. High School, Bhikhiwind, Tarn Taran. Owner of Car Bearing No. PB-05-AF-6718

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 04-04-2025 at 10:00 a.m.

For details logon to https://highcourtchd.gov.in/?trs=district_notice&district=Tarn Taran

Additional District and Sessions Judge, Tarn Taran
Dated, this day of 25-02-2025

ਪਬਲਿਕ ਨੋਟਿਸ

ਬਾ ਅਦਾਲਤ ਸ੍ਰੀ ਬਲਵਿੰਦਰ ਸਿੰਘ ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ ਮਹਿਲ ਕਲਾਂ)
ਦਰਖਾਸਤ ਵੱਲੋਂ ਭਾਗੋ ਪਤਨੀ ਹਰਭਗਵਾਨ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਪਿੰਡ ਮਹਿਲ ਖੁਰਦ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਬਨਾਮ ਆਮ ਪਬਲਿਕ
ਵਿਸ਼ਾ : ਮਾਲ ਰਿਕਾਰਡ ਵਿੱਚ ਨਾਂਅ ਦੀ ਤਬਦੀਲੀ ਕਰਨ ਸੰਬੰਧੀ।

ਹਰ ਆਮ ਵਾ ਖਾਸ ਨੂੰ ਇਸ ਅਖਬਾਰ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦਰਖਾਸਤ ਕਰਤਾ ਭਾਗੋ ਪਤਨੀ ਹਰਭਗਵਾਨ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਪਿੰਡ ਮਹਿਲ ਖੁਰਦ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਵੱਲੋਂ ਦਰਖਾਸਤ ਪੇਸ਼ ਕੀਤੀ ਗਈ ਹੈ ਕਿ ਉਸ ਦਾ ਨਾਂਅ ਪਿੰਡ ਮਹਿਲ ਖੁਰਦ ਦੇ ਕਿਕਾਰਡ ਮਾਲ ਵਿੱਚ ਕੁਲਵੀਰ ਕੌਰ ਪਤਨੀ ਹਰਭਗਵਾਨ ਸਿੰਘ ਪੁੱਤਰ ਕਾਕਾ ਸਿੰਘ ਚੱਲਿਆ ਆ ਰਿਹਾ ਹੈ, ਜਦ ਕਿ ਪਿੰਡ ਵਿੱਚ ਦਰਖਾਸਤ ਕਰਤਾ ਨੂੰ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਦਰਖਾਸਤ ਦੇਹਿੰਦਾ ਦੀ ਦਰਖਾਸਤ ਦੇ ਸੰਬੰਧ ਵਿੱਚ ਪਿੰਡ ਦੇ ਮੋਹਤਬਰ ਵਿਅਕਤੀਆਂ ਵੱਲੋਂ ਆਪਣੀ ਤਸਦੀਕ ਦਿੱਤੀ ਗਈ ਹੈ ਕਿ ਭਾਗੋ ਅਤੇ ਕੁਲਵੀਰ ਕੌਰ ਇੱਕ ਹੀ ਅੰਰਤ ਹੈ। ਦਰਖਾਸਤ ਕਰਤਾ ਵੱਲੋਂ ਦਿੱਤੀ ਗਈ ਦਰਖਾਸਤ ਮੁਤਾਬਿਕ ਉਸ ਦਾ ਨਾਂਅ ਰਿਕਾਰਡ ਮਾਲ ਪਿੰਡ ਮਹਿਲ ਖੁਰਦ ਵਿੱਚ ਕੁਲਵੀਰ ਕੌਰ ਪਤਨੀ ਹਰਭਗਵਾਨ ਸਿੰਘ ਪੁੱਤਰ ਕਾਕਾ ਸਿੰਘ ਦੀ ਥਾਂ 'ਤੇ ਕੁਲਵੀਰ ਕੌਰ ਉਰਫ ਭਾਗੋ ਪਤਨੀ ਹਰਭਗਵਾਨ ਸਿੰਘ ਉਰਫ ਮੰਗੂ ਪੁੱਤਰ ਕਾਕਾ ਸਿੰਘ ਦਰਜ ਕੀਤਾ ਜਾਵੇ। ਜੇਕਰ ਇਸ ਨਾਂਅ ਦੀ ਤਬਦੀਲੀ ਸਬੰਧੀ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਉਜ਼ਰ ਵਾ ਇਤਰਾਜ਼ ਹੋਵੇ ਤਾਂ ਉਹ ਨਿਮਨਹਸਤਾਖਰ ਦੀ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਆ ਕਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਦਾ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ 25/02/2025 ਨੂੰ ਅਦਾਲਤ ਹਜਾ ਦੀ ਮੋਹਰ ਵਾ ਮੇਰੇ ਦਸਤਖਤਾਂ ਅਧੀਨ ਜਾਰੀ ਕੀਤਾ ਜਾਂਦਾ ਹੈ।

ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ- ਨਾਇਬ ਤਹਿਸੀਲਦਾਰ ਮਹਿਲ ਕਲਾਂ
ਨੰਬਰ 302/ ਰੀਡਰ-2 ਮਿਤੀ : 25.02.2025

ਸੋਧ (ਜਨਤਕ ਸੂਚਨਾ)

ਇਹ ਸੋਧ ਜਨਤਕ ਸੂਚਨਾ ਇੰਡੀਅਨ ਓਵਰਸੀਜ਼ ਬੈਂਕ, ਜੀ. ਟੀ. ਰੋਡ, ਜਲੰਧਰ ਦੀ ਤਰਫੋਂ ਮਿਤੀ 15 ਫਰਵਰੀ, 2025 ਨੂੰ ਪ੍ਰਕਾਸ਼ਿਤ ਹੋਏ ਪਬਲਿਕ ਨੋਟਿਸ ਦੇ ਪੂਰਕ ਵਿਚ ਜਾਰੀ ਕੀਤਾ ਜਾਂਦਾ ਹੈ, ਜਿਸ ਵਿਚ ਆਮ ਜਨਤਾ ਨੂੰ ਅਧਿਸੂਚਿਤ ਕੀਤਾ ਗਿਆ ਸੀ ਕਿ ਸ੍ਰੀਮਤੀ ਮੋਹਿਦਰ ਕੌਰ (ਭਾਰਤੀ ਪਾਸਪੋਰਟ ਨੰ: ਪੀ2867583 ਧਾਰਕ) ਪਤਨੀ ਸ੍ਰੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਦਿਆਲ ਸਿੰਘ ਵਾਸੀ 35/1751, ਮਕੈਨੀਜ਼ ਰੋਡ, ਐਬੋਟਸਫੋਰਡ ਬੀ ਸੀ, ਵੀ 2 ਐੱਸ 3 ਜ਼ੈੱਡ 2 ਕੈਨੇਡਾ, ਪਹਿਲਾਂ ਪਿੰਡ ਸੰਸਾਰਪੁਰ, ਤਹਿਸੀਲ ਜਲੰਧਰ-1, ਜ਼ਿਲ੍ਹਾ ਜਲੰਧਰ ਦੀ ਵਸਨੀਕ, ਪ੍ਰੋਫੈਸਰ ਕਾਲੋਨੀ, ਪਿੰਡ ਲੱਧੇਵਾਲੀ, ਤਹਿਸੀਲ ਜਲੰਧਰ-1, ਜ਼ਿਲ੍ਹਾ ਜਲੰਧਰ ਵਿਖੇ ਸਥਿਤ ਖਸਰਾ ਨੰ: 38//11, 10/2, 15 ਵਿਚ ਸ਼ਾਮਿਲ ਏਰੀਆ ਰਕਬਾ 8 ਮਰਲੇ 151 ਵਰਗ ਫੁੱਟ (33' 3" ×70')(272 ਵਰਗ ਫੁੱਟ ਪ੍ਰਤੀ ਮਰਲਾ) ਉਪਰ ਨਿਰਮਿਤ ਮਕਾਨ ਨੰ: 48 ਦੀ ਕਾਬਜ਼ ਮਾਲਕ ਹੈ ਅਤੇ ਜੋ ਉਸ ਨੇ ਮਿਤੀ 18.01.2007 ਦੇ ਵਿਕਰੀ ਬੈਨਾਮਾ ਦਸਤਾਵੇਜ਼ ਨੰ: 10080, ਸਬ-ਰਜਿਸਟਰਾਰ ਜਲੰਧਰ-1 ਤਹਿਤ ਖਰੀਦ ਕੀਤਾ ਹੈ। ਉਕਤ ਸ੍ਰੀਮਤੀ ਮੋਹਿਦਰ ਕੌਰ ਆਪਣੇ ਮੁਖਤਿਆਰ ਆਮ ਤਜਿੰਦਰ ਸਿੰਘ ਪੁੱਤਰ ਸ੍ਰੀ ਹਰਚਰਨ ਸਿੰਘ ਦੇ ਰਾਹੀਂ ਦਰਸਾਈ ਗਈ ਜਾਇਦਾਦ ਸ੍ਰੀ ਤਰੁਣ ਅਗਰਵਾਲ ਪੁੱਤਰ ਸ੍ਰੀ ਵਿਨੇ ਕੁਮਾਰ ਅਗਰਵਾਲ ਵਾਸੀ ਮਕਾਨ ਨੰ: 72, ਕਸਤੂਰਬਾ ਨਗਰ, ਜਲੰਧਰ ਛਾਉਣੀ-144005 ਨੂੰ ਵੇਚਣਾ ਚਾਹੁੰਦੀ ਹੈ।

ਤਜਿੰਦਰ ਸਿੰਘ ਪੁੱਤਰ ਸ੍ਰੀ ਹਰਚਰਨ ਸਿੰਘ ਵਾਸੀ ਮਕਾਨ ਨੰ: 319, ਕਾਕੀ ਪਿੰਡ, ਜਲੰਧਰ, ਸ੍ਰੀਮਤੀ ਮੋਹਿਦਰ ਕੌਰ ਦਾ ਮੁਖਤਿਆਰ ਆਮ
ਮੋਬਾਈਲ ਨੰ: 97799-56887

COURT NOTICE

(U/O 5 Rule 20 Cpc)
In The Court of
Ms. Amanpreet Kaur
Civil Judge Junior Division -11, Patiala
CNR No. PBPT02-003325-2024
Next Date:- 18-03-2025
Union Bank Of India Through its Branch Manager Anil Kumar
Vs.
Dalbir Singh
Recovery 915400
Publication Issued To:
Dalbir Singh
Father: :-Harnam Singh
R/o Village Alipur Araian, Teh. and Distt. Patiala

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 18-03-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division-11, Patiala
Dated, this day of 27-02-2025

COURT NOTICE

(U/o 5 Rule 20 CPC)
In The Court Of
Ms. Mamta Kakkar
Additional Civil Judge (Senior Division), Phul
CNR No. PBBTB0-000152-2022
Next Date:- 18-03-2025
State Bank of India Through Branch Manager Amrinder Kumar Jha
Vs.
Shubkaran Singh and Others
Publication Issued To :
Jasveer Kaur D/o Charanjeet Singh S/o Himmat Singh R/o Balloh Sub Teh. Baliawali, Distt. Bathinda

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 18-03-2025 at 10:00 a.m.

For details logon to https://highcourtchd.gov.in/?mod=district_notice&district=Bathinda

Additional Civil Judge (Senior Division), Phul
Dated, this day of 25-02-2025

PUBLIC NOTICE

Under the instruction of AU Small Finance Bank, I hereby informed the general public that Balwinder Singh S/o Harbans Singh is absolute owner of Property measuring 3 Marlas with 5 ft. Karam bearing Khasra No. 141/12, 13 and as per Jamabandi 141/12/2, 141/13 min Situated at Jandiala Guru, Tehsil & District Amritsar
AND
Property measuring 2 Marlas 3 Sarsai with 5 ft. Karam bearing Khasra No. 141/12, 13 and as per Jamabandi 141/12/2, 141/13 min situated at Jandiala Guru Tehsil & District Amritsar. Gurdit Singh S/o Wadhawa Singh sold 3 marlas of property to Balwinder Singh S/o Harbans Singh vide sale deed 28.11.2001 as doc. No. 8934 and in the Jamabandi for the year 2010/11 Balwinder Singh S/o Harbans Singh is shown as owner for 3 Marlas of property. Also Gurdit Singh S/o Wadhawa Singh sold 2 Marlas and 3 Sarsai of property to Balwinder Singh S/o Harbans Singh vide sale deed regd. dt 3.6.02 as doc. No. 2250. it is pertinent to mention that in the Jamabandi for the year 2020/11, 2015/16 ownership of Gurdit Singh S/o Wadhawa Singh was missing but instead of Gurdit Singh S/o Wadhawa Singh his sons Tarsem Singh, Ajaib Singh and Karnail Singh sons of Gurdit Singh were shown owners and hence mutation no 17939 for 2 Marlas in the name of Balwinder Singh S/o Harbans Singh has been taken from account of Tarsem Singh, Ajaib Singh and Karnail Singh sons of Gurdit Singh. And in the Jamabandi for the year 2020-21 Balwinder Singh S/o Harbans Singh is shown as owner for 5 Marlas of property. Balwinder Singh S/o Harbans Singh is taking loan from AU Small Finance Bank. Anybody having claim or claiming any prior rights or interest in any manner in this property or has raised loan by depositing the aforesaid sale deed to any person/bank/corporation/financial institution may approach the undersigned and may submit objection in writing 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with AU Small Finance Bank.

Advocate Vikas Verma, Distt. Courts, Amritsar
Mb. 98151-56302

ਦੀ ਅਜਨਾਲਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ, ਅਜਨਾਲਾ

ਨੋਟਿਸ ਆਮ ਇਜਲਾਸ

ਦੀ ਅਜਨਾਲਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ., ਅਜਨਾਲਾ ਦੇ ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦਾ ਆਮ ਇਜਲਾਸ ਮਿਤੀ 21.03.2025 ਦਿਨ ਸ਼ੁੱਕਰਵਾਰ ਨੂੰ ਦੁਪਹਿਰ 12.00 ਵਜੇ ਪੀ.ਏ.ਡੀ.ਬੀ. ਅਜਨਾਲਾ ਵਿਚ ਹੋ ਰਿਹਾ ਹੈ। ਇਸ ਲਈ ਸਮੂਹ ਏ ਕਲਾਸ ਮੈਂਬਰਾਂ ਨੂੰ ਸਮੇਂ ਸਿਰ ਆਮ ਇਜਲਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਕਿਸੇ ਕਾਰਨ ਕੋਰਮ ਪੂਰਾ ਨਾ ਹੋਣ ਦੀ ਸੂਰਤ ਵਿਚ ਇਹ ਇਜਲਾਸ ਉਸੇ ਦਿਨ ਬਾਅਦ ਦੁਪਹਿਰ 3:00 ਵਜੇ ਹਾਜ਼ਰ ਹੋਏ ਮੈਂਬਰਾਂ ਦੀ ਹਾਜ਼ਰੀ ਵਿਚ ਹੋਵੇਗਾ।

ਇਸ ਵਿਚ ਹੇਠ ਲਿਖੇ ਏਜੰਡੇ ਵਿਚਾਰੇ ਜਾਣਗੇ।

1. ਪਿਛਲੇ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ ਕਰਨ 'ਤੇ ਵਿਚਾਰ।
2. ਮਾਣਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਜੀ ਵੱਲੋਂ ਸਮੇਂ-ਸਮੇਂ ਸਿਰ ਬੈਂਕ ਦੇ ਬਾਇਲਾਜ਼ ਰੂਲਾਂ, ਕਰਜ਼ਾ ਪਾਲੀਸੀਆਂ ਆਦਿ ਵਿੱਚ ਕੀਤੀਆਂ ਸੋਧਾਂ-ਤਰਮੀਮਾਂ ਅਤੇ ਨਿਰਦੇਸ਼ਾਂ ਨੂੰ ਅਪਨਾਉਣ ਅਤੇ ਪ੍ਰਵਾਨਗੀ ਦੇਣ 'ਤੇ ਵਿਚਾਰ।
3. ਬੈਂਕ ਦੀ ਵਿੱਤੀ ਸਾਲ 2023-24 ਦੀਆਂ ਸਲਾਨਾ ਰਿਪੋਰਟਾਂ, ਆਡਿਟ ਰਿਪੋਰਟਾਂ ਸਮੇਤ ਬੈਲੇਂਸ ਸ਼ੀਟ ਅਤੇ ਲਾਭ-ਹਾਨੀ ਚਿੱਠਾ ਜੋ ਕਿ ਸਟੈਚੂਟਰੀ ਆਡੀਟਰ ਵੱਲੋਂ ਤਸਦੀਕ ਕੀਤਾ ਗਿਆ ਹੈ, ਨੂੰ ਵਾਚਣ ਅਤੇ ਪ੍ਰਵਾਨ ਕਰਨ 'ਤੇ ਵਿਚਾਰ।
4. ਬੈਂਕ ਦੇ ਵਿੱਤੀ ਸਾਲ 2023-24 ਦੇ ਲਾਭ ਹਾਨੀ ਆਦਿ ਐਲੋਕੇਟ ਕਰਨ 'ਤੇ ਵਿਚਾਰ।
5. ਆਮ ਇਜਲਾਸ 'ਤੇ ਹੋਏ ਖਰਚੇ ਨੂੰ ਪ੍ਰਵਾਨਗੀ ਦੇਣ 'ਤੇ ਵਿਚਾਰ।

ਜ਼ਰੂਰੀ ਨੋਟ :- ਜੇਕਰ ਕਿਸੇ ਵੀ ਮੈਂਬਰ ਨੇ ਬੈਂਕ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਆਮ ਇਜਲਾਸ ਤੋਂ ਤਿੰਨ ਦਿਨ ਪਹਿਲਾਂ ਕਿਸੇ ਕੰਮ ਵਾਲੇ ਦਿਨ ਲਿਖਤੀ ਰੂਪ ਵਿਚ ਬੈਂਕ ਦੇ ਦਫ਼ਤਰ ਤੋਂ ਲੈ ਸਕਦਾ ਹੈ।

ਮੈਨੇਜਰ, ਪੀ ਏ ਡੀ ਬੀ ਅਜਨਾਲਾ

ਦੀ ਲੋਪੋਕੇ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ, ਲੋਪੋਕੇ

ਨੋਟਿਸ ਆਮ ਇਜਲਾਸ

ਦੀ ਲੋਪੋਕੇ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮੀ., ਲੋਪੋਕੇ ਦੇ ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦਾ ਆਮ ਇਜਲਾਸ ਮਿਤੀ 20.03.2025 ਦਿਨ ਵੀਰਵਾਰ ਨੂੰ ਦੁਪਹਿਰ 12.00 ਵਜੇ ਪੀ.ਏ.ਡੀ.ਬੀ. ਲੋਪੋਕੇ ਵਿਚ ਹੋ ਰਿਹਾ ਹੈ। ਇਸ ਲਈ ਸਮੂਹ ਏ ਕਲਾਸ ਮੈਂਬਰਾਂ ਨੂੰ ਸਮੇਂ ਸਿਰ ਆਮ ਇਜਲਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਕਿਸੇ ਕਾਰਨ ਕੋਰਮ ਪੂਰਾ ਨਾ ਹੋਣ ਦੀ ਸੂਰਤ ਵਿਚ ਇਹ ਇਜਲਾਸ ਉਸੇ ਦਿਨ ਬਾਅਦ ਦੁਪਹਿਰ 3:00 ਵਜੇ ਹਾਜ਼ਰ ਹੋਏ ਮੈਂਬਰਾਂ ਦੀ ਹਾਜ਼ਰੀ ਵਿਚ ਹੋਵੇਗਾ।

ਇਸ ਵਿਚ ਹੇਠ ਲਿਖੇ ਏਜੰਡੇ ਵਿਚਾਰੇ ਜਾਣਗੇ।

1. ਪਿਛਲੇ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ।
2. ਮਾਣਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਜੀ ਵੱਲੋਂ ਸਮੇਂ-ਸਮੇਂ ਸਿਰ ਬੈਂਕ ਦੇ ਬਾਇਲਾਜ਼ ਰੂਲਾਂ, ਕਰਜ਼ਾ ਪਾਲੀਸੀਆਂ ਆਦਿ ਵਿੱਚ ਕੀਤੀਆਂ ਸੋਧਾਂ-ਤਰਮੀਮਾਂ ਅਤੇ ਨਿਰਦੇਸ਼ਾਂ ਨੂੰ ਅਪਨਾਉਣ ਅਤੇ ਪ੍ਰਵਾਨਗੀ ਦੇਣ 'ਤੇ ਵਿਚਾਰ।
3. ਬੈਂਕ ਦੀ ਵਿੱਤੀ ਸਾਲ 2023-24 ਦੀਆਂ ਸਲਾਨਾ ਰਿਪੋਰਟਾਂ, ਆਡਿਟ ਰਿਪੋਰਟਾਂ ਸਮੇਤ ਬੈਲੇਂਸ ਸ਼ੀਟ ਅਤੇ ਲਾਭ-ਹਾਨੀ ਚਿੱਠਾ ਜੋ ਕਿ ਸਟੈਚੂਟਰੀ ਆਡੀਟਰ ਵੱਲੋਂ ਤਸਦੀਕ ਕੀਤਾ ਗਿਆ ਹੈ, ਨੂੰ ਵਾਚਣ ਅਤੇ ਪ੍ਰਵਾਨ ਕਰਨ 'ਤੇ ਵਿਚਾਰ।
4. ਬੈਂਕ ਦੀ ਵਿੱਤੀ ਸਾਲ 2023-24 ਦੇ ਲਾਭ-ਹਾਨੀ ਆਦਿ ਐਲੋਕੇਟ ਕਰਨ 'ਤੇ ਵਿਚਾਰ।
5. ਆਮ ਇਜਲਾਸ 'ਤੇ ਹੋਏ ਖਰਚੇ ਨੂੰ ਪ੍ਰਵਾਨਗੀ ਦੇਣ 'ਤੇ ਵਿਚਾਰ।

ਜ਼ਰੂਰੀ ਨੋਟ :- ਜੇਕਰ ਕਿਸੇ ਵੀ ਮੈਂਬਰ ਨੇ ਬੈਂਕ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਆਮ ਇਜਲਾਸ ਤੋਂ ਤਿੰਨ ਦਿਨ ਪਹਿਲਾਂ ਕਿਸੇ ਕੰਮ ਵਾਲੇ ਦਿਨ ਲਿਖਤੀ ਰੂਪ ਵਿਚ ਬੈਂਕ ਦੇ ਦਫ਼ਤਰ ਤੋਂ ਲੈ ਸਕਦਾ ਹੈ।

ਮੈਨੇਜਰ, ਪੀ ਏ ਡੀ ਬੀ ਲੋਪੋਕੇ

ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯਕ ਪ੍ਰਬੰਧਕ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ :

ਨੀਲਾਮੀ ਸੂਚੀ ਨੰ:	ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	ਕੰਮ ਦਾ ਨਾਮ
EAFZR-OH25-7	12/03/2025 ਨੂੰ 11.00 ਵਜੇ	ਵਾਣਿਜਿਯਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ: 1) ਸਾਹਨੇਵਾਲ, ਅੰਮ੍ਰਿਤਸਰ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਉਤੇ ਪਾਣੀ ਦੀ ਟੰਕੀਆਂ ਦੇ ਓਵਰਹੇਡ ਦੇ ਉਪਰ। 2) ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ ਅਤੇ ਪਟਟੀ ਰੇਲਵੇ ਸਟੇਸ਼ਨ ਤੋਂ ਸਟੇ ਲੇਵਲ ਕਰੋਸਿੰਗ ਉਤੇ ਸਟੇਟਿਕ ਮੀਡਿਯਾ ਦੇ ਦੁਵਾਰਾ ਤੋਂ। 3) ਗੋਰਾਯਾ ਅਤੇ ਲੋਹਿਯਾ ਖਾਸ ਰੇਲਵੇ ਸਟੇਸ਼ਨ ਉਤੇ ਸਟੇਟਿਕ ਮੀਡਿਯਾ ਦੇ ਦੁਵਾਰਾ ਤੋਂ। 4) ਮਖੂ ਅਤੇ ਨਕੋਦਰ ਰੇਲਵੇ ਸਟੇਸ਼ਨ ਉਤੇ ਸਟੇਟਿਕ ਮੀਡਿਯਾ / ਪਾਣੀ ਦੀ ਟੰਕੀ ਦੇ ਓਵਰਹੇਡ ਦੇ ਉਪਰ।
EAFZR-PRKG25-5	12/03/2025 ਨੂੰ 11.30 ਵਜੇ	ਰੇਲਵੇ ਕਲੋਨੀ ਬੰਗਾ ਦੇ ਕੋਲ ਪਾਰਕਿੰਗ ਜਗ੍ਹਾਂ ਦਾ ਠੇਕੇ ਉਤੇ ਅਲਾਟਮੈਂਟ।
EAFZR-MIS25-4	12/03/2025 ਨੂੰ 12.30 ਵਜੇ	1) ਰੇਲਵੇ ਸਟੇਸ਼ਨ ਅੰਮ੍ਰਿਤਸਰ, ਜਲੰਧਰ ਸਿਟੀ ਅਤੇ

1-MAR-PAGE-7.qxd 2/28/2025 10:51 PM Page 1

ਇੰਸ. ਗੁਰਪ੍ਰੀਤ ਸਮਰਾਓ ਨੇ ਥਾਣਾ ਸਦਰ ਦਾ ਚਾਰਜ ਸੰਭਾਲਿਆ

ਨਾਭਾ (ਵਰਿੰਦਰ ਵਰਮਾ)-ਰਿਜ਼ਰਵ ਹਲਕੇ ਨਾਭੇ 'ਚ ਅਮਨ-ਸ਼ਾਂਤੀ ਤੇ ਕਾਨੂੰਨ ਵਿਵਸਥਾ ਦੀ ਬਹਾਲੀ ਮੁੱਖ ਟੀਚਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਨਾਭਾ ਸਦਰ ਥਾਣਾ ਦੇ ਨਵ-ਨਿਯੁਕਤ ਇੰਚਾਰਜ ਇੰਸਪੈਕਟਰ ਗੁਰਪ੍ਰੀਤ ਸਿੰਘ ਸਮਰਾਓ ਨੇ ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ, ਨਸ਼ਾ-ਸਮੱਗਲਰਾਂ ਤੇ ਗੈਂਗਸਟਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜਲਦ ਹੀ ਇਲਾਕਾ ਮੋਹਤਵਰਾਂ ਨਾਲ ਮੀਟਿੰਗ ਕਰ ਕੇ ਨਾਭਾ ਪੁਲਸ ਵੱਲੋਂ ਜਾਰੀ ਹੁਕਮਾਂ, ਹਦਾਇਤਾਂ ਤੋਂ ਜਾਣੂ ਕਰਵਾਇਆ ਜਾਵੇਗਾ।ਥਾਣਾ ਸਦਰ ਇੰਚਾਰਜ ਗੁਰਪ੍ਰੀਤ ਸਿੰਘ ਸਮਰਾਓ ਦੀ ਨਿਯੁਕਤੀ 'ਤੇ ਵਿਧਾਇਕ ਦੇ ਭਰਾ ਕਪਿਲ ਮਾਨ, 'ਆਪ' ਸੀਨੀਅਰ ਆਗੂ ਤੇ ਯੂਥ ਵਿੰਗ ਜੁਆਇੰਟ ਸਕੱਤਰ ਪੰਜਾਬ ਗੁਰਪ੍ਰੀਤ ਸਿੰਘ ਗੋਪੀ ਫੈਜਗੜ੍ਹ, ਸ਼ਹਿਰੀ ਬਲਾਕ ਪ੍ਰਧਾਨ ਸੰਦੀਪ ਸ਼ਰਮਾ, ਤਜਿੰਦਰ ਖਹਿਰਾ, ਪੰਚਾਇਤ ਮੈਂਬਰ ਹਰਵਿੰਦਰ ਸਿੰਘ ਖਹਿਰਾ, ਮੇਜਰ ਸਿੰਘ ਤੂੰਗਾ, ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ ਦੇ ਪਤੀ ਤੇ ਪੰਕਜ ਪੱਪੂ ਸਟੀਲ, ਭੁਪਿੰਦਰ ਸਿੰਘ ਕੱਲਰਮਾਜਰੀ, ਚੇਅਰਮੈਨ ਧਰਮਿੰਦਰ ਸਿੰਘ ਸੁੱਖਵਾਲ, ਰਘਬੀਰ ਸਿੰਘ ਖਟੜਾ, ਉੱਘੇ ਸਿੱਖ ਚਿੰਤਕ ਤੇ ਭਾਕਿਯੂ ਜ਼ਿਲ੍ਹਾ ਪ੍ਰਧਾਨ ਅਬਜਿੰਦਰ ਸਿੰਘ ਜੋਗੀ ਗਰੇਵਾਲ ਨਾਨੋਕੀ ਤੇ ਇਲਾਕੇ ਦੇ ਸਰਪੰਚਾਂ ਸਮੇਤ ਮੋਹਤਵਰ ਵਿਅਕਤੀਆਂ ਵੱਲੋਂ ਇਸ ਨਿਯੁਕਤੀ ਦਾ ਸਵਾਗਤ ਕੀਤਾ ਗਿਆ।

ਜ਼ਿਲ੍ਹਾ ਰੋਜ਼ਗਾਰ ਦਫਤਰ ਵੱਲੋਂ ਵਿਦਿਆਰਥਣਾਂ ਦੀ ਕਾਊਂਸਲਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਦਲਜੀਤ ਸਿੰਘ ਬਰਾੜ ਪਲੇਸਮੈਂਟ ਅਫਸਰ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਰੁਪਾਣਾ ਦੇ 40 ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਦਫਤਰ ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ ਗਿਆ।ਇਸ ਦੌਰਾਨ ਪਲੇਸਮੈਂਟ ਅਫਸਰ ਨੇ ਵਿਦਿਆਰਥਣਾਂ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾ ਵੱਲੋਂ ਵਿਦਿਆਰਥਣਾਂ ਦੇ ਸੁਨਹਿਰੇ ਭਵਿੱਖ ਲਈ ਵੱਖ-ਵੱਖ ਵਿਸ਼ਿਆਂ ਸਬੰਧੀ ਕਾਊਂਸਲਿੰਗ ਕੀਤੀ ਗਈ।ਇਸ ਕਾਊਂਸਲਿੰਗ ਸੈਸ਼ਨ ਦੌਰਾਨ ਸਕੂਲ ਦੇ ਅਧਿਆਪਕ ਸਾਹਿਬਾਨ ਮੌਜੂਦ ਰਹੇ।

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਜ਼ਿਲ੍ਹਾ ਕਮੇਟੀ ਦੀ ਮੀਟਿੰਗ

ਮੋਗਾ (ਇਕਬਾਲ ਸਿੰਘ ਖਹਿਰਾ)-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਦਰਸ਼ਨ ਘੋਲੀਆ ਨੇ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਕਾਮਰੇਡ ਛਿੰਦਰ ਸਿੰਘ ਸਾਫੂਵਾਲਾ ਜ਼ਿਲ੍ਹਾ ਸਕੱਤਰ ਦੀ ਪ੍ਰਧਾਨਗੀ ਵਿੱਚ ਸਿੰਘਾਂ ਵਾਲਾ ਵਿਖੇ ਮੀਟਿੰਗ ਕੀਤੀ। ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਤੇ ਲੋਕ ਸੰਗਰਾਮ ਮੋਰਚਾ ਦੇ ਮਾਸਟਰ ਦਰਸ਼ਨ ਤੂਰ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਆਏ। ਮੀਟਿੰਗ ਵਿੱਚ ਬੋਲਦਿਆਂ ਲਖਵੀਰ ਸਿੰਘ ਲੱਖਾ ਨੇ ਲੋਕ ਆਵਾਜ਼ ਟੀਵੀ ਚੈਨਲ ਦੇ ਪੱਤਰਕਾਰ ਮਨਿੰਦਰਜੀਤ ਸਿੱਧੂ ਉੱਤੇ ਆਮ ਆਦਮੀ ਪਾਰਟੀ ਦੇ ਐੱਮ ਐੱਲ ਏ ਬਲਕਾਰ ਸਿੰਘ ਸਿੱਧੂ ਵੱਲੋਂ ਅੱਡੋ ਅੱਡ ਥਾਣਿਆਂ ਵਿੱਚ ਦਰਜ ਕਰਵਾਏ ਤਿੰਨ ਝੂਠੇ ਕੇਸਾਂ ਦੀ ਨਿਖੇਧੀ ਕੀਤੀ। ਇਹ ਕਦਮ ਮੀਡੀਆ ਦਾ ਗਲ ਘੁੱਟਣ ਵਾਲਾ ਹੈ। ਲੋਕ ਸੰਗਰਾਮ ਮੋਰਚਾ ਦੇ ਸੂਬਾ ਕਮੇਟੀ ਮੈਂਬਰ ਮਾਸਟਰ ਦਰਸ਼ਨ ਤੂਰ ਨੇ ਝੂਠੇ ਪਰਚੇ ਰੱਦ ਕਰਨ ਦੀ ਮੰਗ ਕੀਤੀ। ਪਿਛਲੇ ਦਿਨੀਂ ਨਾਨਕਸਰ ਦੇ ਲੱਖਾ ਬਾਬਾ ਨੇ ਪਿੰਡ ਨਿਧਾਂਵਾਲੇ ਦੇ ਪਤੀ-ਪਤਨੀ ਨੂੰ ਸਕੂਟਰ 'ਤੇ ਜਾਂਦਿਆਂ ਗੱਡੀ ਦੀ ਟੱਕਰ ਮਾਰ ਕੇ, ਮਾਰ ਦਿੱਤਾ ਸੀ। ਲੋਕਾਂ ਨੇ ਦਬਾਅ ਪਾ ਕੇ ਬਾਬਾ ਲੱਖੇ ਨੂੰ ਘੱਲ ਕਲਾਂ ਥਾਣੇ ਦੀ ਪੁਲਸ ਨੂੰ ਗ੍ਰਿਫ਼ਤਾਰ ਕਰਵਾਇਆ ਸੀ, ਪਰ ਬਾਅਦ ਵਿੱਚ ਪੁਲਸ ਨੇ ਲੱਖੇ ਬਾਬੇ ਨੂੰ ਛੱਡ ਦਿੱਤਾ। ਜ਼ਿਲ੍ਹਾ ਸਕੱਤਰ ਕਾਮਰੇਡ ਸਰਿੰਦਰ ਸਿੰਘ ਸਾਫੂਵਾਲਾ ਨੇ ਮੰਗ ਕੀਤੀ ਕਿ ਲੱਖੇ ਬਾਬੇ ਨੂੰ ਗ੍ਰਿਫ਼ਤਾਰ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ 23 ਮਾਰਚ ਦੇ ਸ਼ਹੀਦਾਂ ਦਾ ਸ਼ਹੀਦੀ ਦਿਨ ਮਨਾਉਣ ਲਈ ਮੀਟਿੰਗ ਵਿੱਚ ਚਰਚਾ ਕੀਤੀ ਗਈ। ਫੈਸਲਾ ਕੀਤਾ ਕਿ 23 ਮਾਰਚ ਨੂੰ ਹੁਸੈਨੀਵਾਲਾ ਵਿਖੇ ਲੋਕ ਸੰਗਰਾਮ ਮੋਰਚਾ ਵੱਲੋਂ ਸਿਆਸੀ ਕਾਨਫਰੰਸ ਕੀਤੀ ਜਾ ਰਹੀ ਹੈ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਧ ਤੋਂ ਵੱਧ ਸ਼ਮੂਲੀਅਤ ਕਰੇਗੀ।

ਮਜ਼ਦੂਰ ਲਹਿਰ ਦੇ ਦ੍ਰਿੜ੍ਹ ਸਮਰਥਕ ਰਹੇ ਜੰਗ ਸਿੰਘ ਗੁਰਦਿੱਤਪੁਰਾ ਦਾ ਦੇਹਾਂਤ

ਦੋਰਾਹਾ (ਹਰਮਿੰਦਰ ਸੇਠ)-ਇਥੋਂ ਦੇ ਨੇੜਲੇ ਪਿੰਡ ਗੁਰਦਿੱਤਪੁਰਾ ਵਿਖੇ ਮਜ਼ਦੂਰ ਲਹਿਰ ਦੇ ਦ੍ਰਿੜ੍ਹ ਸਮਰਥਕ ਚਲੇ ਆ ਰਹੇ ਜੰਗ ਸਿੰਘ (75 ਸਾਲ) ਦਾ ਦੁੱਖਦਾਇਕ ਵਿਛੋੜਾ ਹੋਣ 'ਤੇ ਸੋਕ 'ਚ ਡੁੱਬੇ ਪਰਵਾਰਾਂ ਤੇ ਰਿਸ਼ਤੇਦਾਰਾਂ ਦੇ ਦੁੱਖ 'ਚ ਸਰੀਕ ਹੋ ਕੇ ਮਜ਼ਦੂਰ-ਮੁਲਾਜ਼ਮ ਲਹਿਰ ਦੇ ਸਾਥੀਆਂ ਨੇ ਮ੍ਰਿਤਕ ਦੇਹ ਨੂੰ ਸੂਹੇ ਝੰਡੇ 'ਚ ਲਪੇਟ ਕੇ ਅੰਤਿਮ ਵਿਦਾਇਗੀ ਦਿੰਦਿਆਂ ਸਲਾਮੀ ਭੇਟ ਕੀਤੀ। ਇਸ ਮੌਕੇ ਸਥਾਨਕ ਸੰਗੀ-ਸਾਥੀ ਚਰਨਜੀਤ ਸਿੰਘ, ਕੇਸਰ ਸਿੰਘ, ਮਜ਼ਦੂਰ ਆਗੂ ਮਲਕੀਤ ਸਿੰਘ, ਮੇਵਾ ਸਿੰਘ, ਬਿਜਲੀ ਮੁਲਾਜ਼ਮ ਆਗੂ ਤਰਸੇਮ ਲਾਲ, ਬਲਵੀਰ ਸਿੰਘ, ਜੋਰਾ ਸਿੰਘ, ਸਾਧਾਂ ਸਿੰਘ ਆਦਿ ਹਾਜ਼ਰ ਸਨ। ਮ੍ਰਿਤਕ ਜੰਗ ਸਿੰਘ ਦੇ ਭੌਤਿਕ ਸਰੀਰ ਨੂੰ ਅਗਨੀ ਭੇਟ ਉਨ੍ਹਾਂ ਦੇ ਬੇਟੇ ਦਵਿੰਦਰ ਸਿੰਘ ਨੇ ਨਮ ਅੱਖਾਂ ਨਾਲ ਕੀਤਾ। ਪ੍ਰੈੱਸ ਨੂੰ ਲਿਖਤੀ ਜਾਣਕਾਰੀ ਦਿੰਦਿਆਂ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਲੁਧਿਆਣਾ ਦੇ ਪ੍ਰਧਾਨ ਹਰਜਿੰਦਰ ਸਿੰਘ ਨੇ ਦੱਸਿਆ ਕਿ ਸਾਥੀ ਜੰਗ ਸਿੰਘ 80ਵਿਆਂ ਦੇ ਦਹਾਕਿਆਂ 'ਚ ਉਸ ਸਮੇਂ ਇਨਕਲਾਬੀ ਲਹਿਰ ਦੇ ਵਾਅ 'ਚ ਆਏ ਜਦੋਂ ਬੇ-ਜ਼ਮੀਨੇ ਪੇਂਡੂ ਮਜ਼ਦੂਰਾਂ 'ਤੇ ਜਾਗੀਰੂ-ਦਾਬਾ, ਧੌਂਸ, ਜਾਤੀ-ਸਮਾਜਿਕ ਵਿਤਕਰੇ ਤੇ ਹਰ ਵੰਨਗੀ ਦੀ ਲੁੱਟ ਸਿਖਰਾਂ 'ਤੇ ਸੀ। ਇਹ ਵਿਤਕਰਾ ਤੇ ਲੁੱਟ ਦਾ ਦਰਦ ਹੋਰਨਾਂ ਮਜ਼ਦੂਰਾਂ ਵਾਂਗ ਸਾਥੀ ਰਾਮ ਸਿੰਘ ਨੇ ਵੀ ਆਪਣੇ ਪਿੰਡੇ 'ਤੇ ਪਿੰਡ ਦੇ ਨਾਲ-ਨਾਲ ਫੈਕਟਰੀਆਂ ਵਿੱਚ ਕੰਮ ਕਰਦਿਆਂ ਹੰਡਾਇਆ। ਇਸ ਭਿਅੰਕਰ ਹਾਲਤ ਖਿਲਾਫ ਫੁੱਟੀ ਬਗਾਵਤ ਤੇ ਲੜੇ ਗਏ ਇਤਿਹਾਸਕ ਮਜ਼ਦੂਰ ਘੋਲ 'ਚ ਮੋਹਰਲੀ ਕਤਾਰ 'ਚ ਰਹੇ। ਬਾਅਦ ਵਿੱਚ ਸੰਨ 1980 'ਚ ਬੇ-ਜ਼ਮੀਨੇ ਮਜ਼ਦੂਰਾਂ 'ਤੇ ਹਰ ਤਰ੍ਹਾਂ ਦੇ ਦਾਬੇ, ਵਿਤਕਰੇ, ਲੁੱਟ-ਜਬਰ ਵਿਰੁੱਧ, ਆਪਣੇ ਮਾਣ-ਸਨਮਾਨ ਤੇ ਕਿਰਤ ਤੇ ਹੱਕਾਂ ਦੀ ਪ੍ਰਾਪਤੀ ਲਈ ਜੋਰਾ ਸਿੰਘ ਨਸਰਾਲੀ, ਨਿਰਮਲ ਸਿੰਘ ਕੰਗਣਵਾਲ ਦੀ ਅਗਵਾਈ ਵਾਲੀ ਦਿਹਾਤੀ ਮਜ਼ਦੂਰ ਯੂਨੀਅਨ, ਮਾਲਵਾ ਰਿਜਨ ਕਮੇਟੀ ਨੂੰ ਜਥੇਬੰਦ ਕਰਕੇ ਰਿਜਨ ਕਮੇਟੀ ਦੇ ਮੈਂਬਰ ਦੇ ਤੌਰ 'ਤੇ ਵਰ੍ਹਿਆਂ-ਬੱਧੀ ਕੰਮ ਕੀਤਾ। ਕਮਾਈ ਦਾ ਕੋਈ ਹੋਰ ਸਾਧਨ ਨਾ ਹੋਣ 'ਤੇ ਪਰਿਵਾਰ ਜ਼ਿੰਮੇਵਾਰੀਆਂ ਵਧਣ ਕਾਰਨ ਭਾਵੇਂ ਸਾਥੀ ਪਹਿਲਾਂ ਦੀ ਤਰ੍ਹਾਂ ਮਜ਼ਦੂਰ ਆਗੂ ਦਾ ਰੋਲ ਨਹੀਂ ਨਿਭਾਅ ਸਕਿਆ, ਪ੍ਰੰਤੂ ਉਹ ਆਰਥਿਕ ਸਮਾਜਿਕ ਹਾਲਾਤ ਨੂੰ ਬਦਲਣ ਲਈ ਚੱਲ ਰਹੀ ਇਨਕਲਾਬੀ-ਜਮਹੂਰੀ ਦੀ ਬੁਨਿਆਦ ਮਜ਼ਦੂਰ-ਕਿਸਾਨ ਲਹਿਰ ਉਸਾਰੀ ਲਈ ਚੱਲ ਰਹੀ ਜੱਦੋਜਹਿਦ ਦਾ ਦ੍ਰਿੜ੍ਹ ਸਮਰਥਕ ਰਿਹਾ ਤੇ ਸਹਿਯੋਗ ਕਰਦਾ ਰਿਹਾ।

ਸੀ ਜੀ ਐੱਮ ਕਾਲਜ ਮੋਹਲਾਂ ਦਾ ਨਤੀਜਾ ਸ਼ਾਨਦਾਰ

ਮਲੋਟ (ਗੁਰਮੀਤ ਸਿੰਘ ਮੱਕੜ)-ਸੀ.ਜੀ.ਐੱਮ. ਕਾਲਜ ਮੋਹਲਾਂ ਦੇ ਵਿਦਿਆਰਥੀਆਂ ਨੇ ਦਸੰਬਰ-2024 ਦੀ ਪ੍ਰੀਖਿਆ ਵਿੱਚ ਬੀ. ਏ. ਭਾਗ ਦੂਜਾ ਸਮੈਸਟਰ-3 ਦੇ ਨਤੀਜੇ 'ਚ ਸ਼ਾਨਦਾਰ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਕਾਲਜ ਦੀ ਵਿਦਿਆਰਥਣ ਅੰਜਨਾ ਕੁਮਾਰੀ ਨੇ 78 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਮੋਨਿਕਾ ਰਾਣੀ ਨੇ 73 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਤੇ ਰਮਨੀਕ ਕੌਰ ਨੇ 72.75 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਅਤੇ ਗੁਰਖੁਸ਼ੀ ਇੰਸਾ ਨੇ 72.75 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਇਨ੍ਹਾਂ ਵਿਦਿਆਰਥੀਆਂ ਦੀ ਕਾਮਯਾਬੀ ਪਿੱਛੇ ਸਿਹਰਾ ਯੋਗ ਅਧਿਆਪਕਾਂ, ਵਿਦਿਆਰਥੀਆਂ ਦੀ ਮਿਹਨਤ ਤੇ ਸੰਸਥਾ ਚਲਾਉਣ ਵਾਲੀ ਮੈਨੇਜਮੈਂਟ ਦਾ ਹੱਥ ਹੈ। ਕਾਲਜ ਚੇਅਰਮੈਨ ਸੱਤਪਾਲ ਮੋਹਲਾਂ ਨੇ ਕਾਲਜ ਦਾ ਅਜਿਹਾ ਸ਼ਾਨਦਾਰ ਨਤੀਜਾ ਆਉਣ 'ਤੇ ਸਮੂਹ ਕਾਲਜ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਮੈਨੇਜਮੈਂਟ ਕਮੇਟੀ ਮੈਂਬਰ ਨਵਜੀਤ ਮੋਹਲਾਂ, ਜਗਤਾਰ ਬਰਾੜ, ਰਾਜ ਕੁਮਾਰ ਨੇ ਵਿਦਿਆਰਥੀਆਂ ਦੀਆਂ ਇਨ੍ਹਾਂ ਪ੍ਰਾਪਤੀਆਂ 'ਤੇ ਬੜਾ ਮਾਣ ਮਹਿਸੂਸ ਕੀਤਾ ਹੈ।

ਈ ਰਿਕਸ਼ਾ ਮਜ਼ਦੂਰ ਸੰਘ ਨੇ ਮਹਾਂਸ਼ਿਵਰਾਤਰੀ ਦਾ ਤਿਉਹਾਰ ਮਨਾਇਆ

ਮੋਗਾ (ਇਕਬਾਲ ਸਿੰਘ ਖਹਿਰਾ)-ਈ ਰਿਕਸ਼ਾ ਮਜ਼ਦੂਰ ਸੰਘ ਨੇ ਮਹਾਂਸ਼ਿਵਰਾਤਰੀ ਦਾ ਤਿਉਹਾਰ ਈ ਰਿਕਸ਼ਾ ਸਟੈਂਡ ਨੇੜੇ ਸ਼ਹੀਦ ਭਗਤ ਸਿੰਘ ਮਾਰਕੀਟ ਵਿਖੇ ਪ੍ਰਧਾਨ ਜਸਵਿੰਦਰ ਸਿੰਘ ਡੱਡ ਦੀ ਅਗਵਾਈ ਵਿੱਚ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਤੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਪ੍ਰੋਗਰਾਮ ਵਿੱਚ ਸਭ ਤੋਂ ਪਹਿਲਾਂ ਭਗਵਾਨ ਸ਼ਿਵ ਦੀ ਅਰਾਧਨਾ ਕੀਤੀ ਅਤੇ ਲੰਗਰ ਪ੍ਰਸਾਦ ਦਾ ਭੋਗ ਲਗਾਇਆ ਗਿਆ। ਇਸ ਮੌਕੇ ਈ ਰਿਕਸ਼ਾ ਮਜ਼ਦੂਰ ਸੰਘ ਵੱਲੋਂ ਕੜੀ ਚਾਵਲ ਤੇ ਰਗੜੇ ਘੋਟੇ ਦਾ ਵਿਸ਼ਾਲ ਲੰਗਰ ਲਗਾਇਆ ਗਿਆ। ਇਸ ਮੌਕੇ ਯੂਨੀਅਨ ਵੱਲੋਂ ਆਏ ਹੋਏ ਜ਼ਿਲ੍ਹਾ ਮੋਗਾ ਟ੍ਰੈਫਿਕ ਇੰਚਾਰਜ ਖੇਮ ਚੰਦ ਪ੍ਰਾਸਰ, ਏ ਐੱਸ ਆਈ ਰਾਜਵਿੰਦਰ ਸਿੰਘ, ਮੁੱਖ ਮੁਨਸ਼ੀ ਗੁਰਲਾਭ ਸਿੰਘ, ਏ ਐੱਸ ਆਈ ਜੀਤ ਕੁਮਾਰ, ਏ ਐੱਸ ਆਈ ਹਕੀਕਤ ਸਿੰਘ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਦੀਪ ਭਾਰਤੀ ਐਡਵੋਕੇਟ, ਵਰਿੰਦਰ ਗਰਗ ਐਡਵੋਕੇਟ, ਪ੍ਰਵੀਨ ਸ਼ਰਮਾ ਮੇਜਰ ਸਿੰਘ ਲੰਡੇ ਕੇ, ਸਰਬਨ ਸਿੰਘ, ਜਸਵਿੰਦਰ ਸਿੰਘ ਡੱਡ, ਸੰਨੀ, ਸਰਿੰਦਰ ਪਾਲ, ਵਿਨੋਦ, ਚੰਨਾ, ਬੱਬੂ, ਗਗਨ, ਸੋਮ ਨਾਥ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਮਹਾਂਸ਼ਿਵਰਾਤਰੀ ਮੌਕੇ ਸਰਹਿੰਦ 'ਚ ਦੋ ਰੋਜ਼ਾ ਸਮਾਗਮ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪ੍ਰਾਚੀਨ ਪੰਚ ਮੁਖੀ ਸ਼ਿਵ ਮੰਦਰ ਰਾਧਾ ਮਾਧਵ ਗਊਸ਼ਾਲਾ ਸਰਹਿੰਦ ਸ਼ਹਿਰ ਵਿਖੇ ਮਹਾਂ ਸ਼ਿਵਰਾਤਰੀ ਮੌਕੇ ਦੋ ਰੋਜ਼ਾ ਸਮਾਗਮ ਸ਼ਰਧਾ ਭਾਵਨਾ ਨਾਲ ਸੰਪੰਨ ਹੋਇਆ, ਜਿਸ ਵਿੱਚ ਸ੍ਰੀ ਕ੍ਰਿਸ਼ਨਾ ਸੰਕੀਰਤਨ ਮੰਡਲ ਬਸੀ ਪਠਾਣਾਂ ਵੱਲੋਂ ਭਗਵਾਨ ਸ਼ਿਵ ਭੋਲੇਨਾਥ ਦੇ ਭਜਨਾਂ ਦਾ ਗੁਣਗਾਨ ਕੀਤਾ ਗਿਆ, ਜਿਸ ਵਿੱਚ ਸੰਗਤਾਂ ਖੂਬ ਅਨੰਦ ਮਾਣਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਭੱਟ ਗਰੁੱਪ ਦੇ ਐੱਮ. ਡੀ. ਤੇ ਸਾਬਕਾ ਕੌਂਸਲਰ ਦਵਿੰਦਰ ਭੱਟ ਨੇ ਹਾਜ਼ਰੀ ਲਵਾਈ।ਇਸ ਮੌਕੇ ਜਾਣਕਾਰੀ ਦਿੰਦਿਆਂ ਐਡ. ਗੁਰਜੀਤ ਲੌਂਗੀ ਨੇ ਦੱਸਿਆ ਕਿ ਸ਼ਿਵਰਾਤਰੀ ਮੌਕੇ ਮੰਦਰ ਵਿੱਚ ਜਲ ਚੜ੍ਹਾਉਣ ਆਏ ਸ਼ਰਧਾਲੂਆਂ ਲਈ ਵਰਤ ਵਾਲੀ ਟਿੱਕੀਆਂ, ਖ਼ੀਰ ਤੇ ਚਾਹ ਦਾ ਲੰਗਰ ਲਗਾਇਆ ਅਤੇ ਸ਼ਾਮ ਨੂੰ ਮਹਿਲ ਕੀਰਤਨ ਮੰਡਲੀ ਵੱਲੋਂ ਕੀਰਤਨ ਕੀਤੀ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਜਨਰਲ ਸਕੱਤਰ ਇੰਡੀਅਨ ਬੈਂਕ ਇੰਪਲਾਈਜ਼ ਯੂਨੀਅਨ ਨਾਰਥ ਜੋਨ ਨਰੇਸ਼ ਵੈਦ ਦਾ ਸਨਮਾਨ ਕੀਤਾ ਗਿਆ।

ਰਾਏਸਰ ਵਿਖੇ ਠੇਕੇ 'ਤੇ ਚੋਰੀ ਕਰਨ ਵਾਲੇ ਤਿੰਨ ਜਣੇ ਕਾਰ ਸਮੇਤ ਕਾਬੂ

ਕਾਨੂੰਨ ਹੱਥ 'ਚ ਲੈਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ : ਇੰਸ. ਘੁਮਾਣ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਚੋਰੀਆਂ ਤੇ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਲਈ ਪੁਲਸ ਲਗਾਤਾਰ ਚੌਕਸੀ ਵਰਤ ਰਹੀ ਹੈ।ਕਾਨੂੰਨ ਹੱਥ ਵਿੱਚ ਲੈਣ ਵਾਲਿਆਂ ਨੂੰ ਕਿਸੇ ਵੀ ਹਾਲਤ 'ਚ ਬਖ਼ਸ਼ਿਆ ਨਹੀਂ ਜਾਵੇਗਾ।ਇਹ ਪ੍ਰਗਟਾਵਾ ਪੁਲਸ ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਇੰਸਪੈਕ

1 Mar Page-8.qxd 2/28/2025 11:00 PM Page 1

ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਅਜੇ ਤੱਕ ਅਧੂਰੇ : ਮੰਗੂਪੁਰ

ਬਲਾਚੌਰ (ਜਸਵਿੰਦਰ ਬੈਂਸ)- ਪੰਜਾਬ ਸੂਬੇ ਦੇ ਅੰਦਰ ਕਾਂਗਰਸ ਪਾਰਟੀ ਦੇ ਵੱਲੋਂ ਆਪਣੇ ਕਾਰਜ ਕਾਲ ਦੇ ਦੌਰਾਨ ਸੂਬੇ ਵਿੱਚ ਕੀਤੇ ਵਿਕਾਸ ਕਾਰਜਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਹੈ। ਇਹ ਸ਼ਬਦ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹੇ ਉਹਨਾਂ ਨੇ ਕਿਹਾ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਚੋਣ ਮੁਹਿੰਮ ਵਿੱਚ ਝੂਠੇ ਵਾਅਦਿਆਂ ਦੇ ਨਾਲ ਲੋਕਾਂ ਨੂੰ ਕੁਝ ਨਹੀਂ ਦਿੱਤਾ। ਇਸ ਸਰਕਾਰ ਦੀ ਮਾੜੀ ਨੀਤੀ ਨੂੰ ਦੇਖਦੇ ਹੋਏ ਸੂਬੇ ਦੇ ਲੋਕ ਤੰਗ ਆ ਚੁੱਕੇ ਹਨ। ਸੂਬੇ ਵਿੱਚ ਹੋਣ ਜਾ ਰਹੀਆਂ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਨੂੰ ਲੈ ਕੇ ਕਾਂਗਰਸ ਪਾਰਟੀ ਜਲਦ ਬੂਥ ਕਮੇਟੀਆਂ ਦਾ ਗਠਨ ਕਰੇਗੀ, ਜਿਸ ਦੇ ਨਾਲ ਪਾਰਟੀ ਨੂੰ ਵੱਧ ਤੋਂ ਵੱਧ ਮਜ਼ਬੂਤ ਕੀਤਾ ਜਾਵੇਗਾ। ਆਮ ਆਦਮੀ ਪਾਰਟੀ ਨੇ ਬਦਲਾਖੋਰੀ ਦੀ ਰਾਜਨੀਤੀ ਤੋਂ ਇਲਾਵਾ ਸੂਬੇ ਵਿੱਚ ਕੋਈ ਕੰਮ ਨਹੀਂ ਕੀਤਾ। ਕਾਂਗਰਸ ਪਾਰਟੀ ਇੱਕ ਨੈਸ਼ਨਲ ਪਾਰਟੀ ਹੈ ਉਹ ਆਪਣੇ ਵਰਕਰ ਦਾ ਹਮੇਸ਼ਾ ਮਾਣ ਸਤਿਕਾਰ ਕਰਦੀ ਹੈ ।ਸੂਬੇ ਦੇ ਲੋਕ ਆਉਣ ਵਾਲੀਆਂ ਚੋਣਾਂ ਦੇ ਦੌਰਾਨ ਮੁੜ ਕਾਂਗਰਸ ਪਾਰਟੀ ਨੂੰ ਸੂਬੇ ਦੇ ਵਿੱਚ ਖੜ੍ਹੀ ਕਰਨਗੇ। ਉਹਨਾਂ ਨੇ ਕਿਹਾ ਕਿ ਚੋਣਾਂ ਦੇ ਦੌਰਾਨ ਮਹਿਲਾਵਾਂ ਦੇ ਨਾਲ ਕੀਤਾ 1000 ਰੁਪਏ ਦਾ ਵਾਧਾ ਵੀ ਅਜੇ ਅਧੂਰਾ ਪਿਆ ਹੈ ।

ਭਾਜਪਾ ਸਰਕਾਰ ਪੰਜਾਬ ਦੀ ਕਿਸਾਨੀ ਨੂੰ ਹੀ ਨਹੀਂ, ਸਗੋਂ ਸੂਬੇ ਦੇ ਵਪਾਰ ਨੂੰ ਵੀ ਕਰਨਾ ਚਾਹੁੰਦੀ ਤਬਾਹ : ਆਪ

ਚੰਡੀਗੜ੍ਹ, (ਗੁਰਜੀਤ ਬਿੱਲਾ) ਆਮ ਆਦਮੀ ਪਾਰਟੀ (ਆਪ) ਨੇ ਹਰਿਆਣਾ-ਪੰਜਾਬ ਬਾਰਡਰ ਹਾਈਵੇਅ ਦੇ ਬੰਦ ਹੋਣ ਕਾਰਨ ਪੰਜਾਬ ਦੇ ਉਦਯੋਗ ਅਤੇ ਕਾਰੋਬਾਰ ਨੂੰ ਹੋ ਰਹੇ ਨੁਕਸਾਨ ਦਾ ਅਹਿਮ ਮੁੱਦਾ ਉਠਾਇਆ ਹੈ।ਪਾਰਟੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨਾ ਸਿਰਫ਼ ਪੰਜਾਬ ਦੇ ਕਿਸਾਨਾਂ ਨੂੰ ਤਬਾਹ ਕਰਨਾ ਚਾਹੁੰਦੀ ਹੈ ਸਗੋਂ ਇੱਥੋਂ ਦੇ ਕਾਰੋਬਾਰ ਨੂੰ ਵੀ ਬਰਬਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਪਾਰਟੀ ਦੇ ਬੁਲਾਰੇ ਨੀਲ ਗਰਗ ਨੇ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਵਿਖੇ 'ਆਪ' ਆਗੂ ਪ੍ਰਣਬ ਧਵਨ ਨਾਲ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਰਡਰ ਬੰਦ ਹੋਣ ਕਾਰਨ ਪੰਜਾਬ ਦੇ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਭਾਰੀ ਆਰਥਿਕ ਨੁਕਸਾਨ ਹੋ ਰਿਹਾ ਹੈ।ਉਨ੍ਹਾਂ ਦੇ ਕੁਝ ਨੁਮਾਇੰਦਿਆਂ ਨੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਵੀ ਮੁਲਾਕਾਤ ਕਰਕੇ ਹਾਈਵੇ ਨੂੰ ਖੋਲ੍ਹਣ ਦੀ ਮੰਗ ਕੀਤੀ ਸੀ।ਨੀਲ ਗਰਗ ਨੇ ਕਿਹਾ ਕਿ ਅਜਿਹੀ ਸਥਿਤੀ ਇਸ ਲਈ ਪੈਦਾ ਹੋਈ ਹੈ ਕਿਉਂਕਿ ਪੰਜਾਬ ਦੇ ਕਿਸਾਨ ਪਿਛਲੇ ਇਕ ਸਾਲ ਤੋਂ ਲਗਾਤਾਰ ਸਰਹੱਦ 'ਤੇ ਬੈਠੇ ਹਨ ਪਰ ਕੇਂਦਰ ਦੀ ਭਾਜਪਾ ਸਰਕਾਰ ਉਨ੍ਹਾਂ ਦੀ ਬਿਲਕੁਲ ਵੀ ਸੁਣਵਾਈ ਨਹੀਂ ਕਰ ਰਹੀ। ਭਾਜਪਾ ਚਾਹੁੰਦੀ ਹੈ ਕਿ ਪੰਜਾਬੀ ਹੀ

ਪੰਜਾਬੀਆਂ ਦੇ ਖਿਲਾਫ ਖੜ੍ਹਾ ਹੋ ਜਾਵੇ ਤਾਂ ਜੋ ਅੰਦੋਲਨ ਕਮਜ਼ੋਰ ਹੋ ਕੇ ਆਪਣੇ ਆਪ ਖਤਮ ਹੋ ਜਾਵੇ।ਨੀਲ ਗਰਗ ਨੇ ਸਮੂਹ ਕਿਸਾਨ ਜਥੇਬੰਦੀਆਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸਾਂਝੇ ਤੌਰ 'ਤੇ ਇਸ ਮਸਲੇ ਦਾ ਹੱਲ ਲੱਭਣ ਅਤੇ ਅੰਦੋਲਨ ਦੀ ਰੂਪ-ਰੇਖਾ ਇਸ ਤਰ੍ਹਾਂ ਤਿਆਰ ਕਰਨ ਕਿ ਅੰਦੋਲਨ ਹੋਰ ਮਜਬੂਤ ਹੋ ਜਾਵੇ ਅਤੇ ਪੰਜਾਬ ਦੇ ਵਪਾਰੀਆਂ ਅਤੇ ਵਪਾਰੀਆਂ ਦਾ ਨੁਕਸਾਨ ਵੀ ਨਾ ਹੋਵੇ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੀ ਇੰਡਸਟਰੀ ਨੂੰ ਨੁਕਸਾਨ ਹੁੰਦਾ ਹੈ ਤਾਂ ਬਹੁਤ ਸਾਰੇ ਲੋਕ ਬੇਰੁਜ਼ਗਾਰ ਹੋ ਜਾਣਗੇ ਅਤੇ ਸਰਕਾਰ ਦੇ ਮਾਲੀਏ 'ਤੇ ਵੀ ਡੂੰਘਾ ਅਸਰ ਪਵੇਗਾ ਕਿਉਂਕਿ ਸਰਕਾਰ ਨੂੰ ਉਦਯੋਗਾਂ ਤੋਂ ਬਹੁਤ ਸਾਰਾ ਟੈਕਸ ਮਿਲਦਾ ਹੈ, ਜਿਸ ਦੀ ਵਰਤੋਂ ਸੂਬੇ ਦੇ ਵਿਕਾਸ ਅਤੇ ਲੋਕ ਭਲਾਈ ਲਈ ਕੀਤੀ ਜਾਂਦੀ ਹੈ।ਸਾਡੀ ਸਮਝ ਹੈ ਕਿ ਜੇਕਰ ਉਦਯੋਗ ਨਹੀਂ ਬਚੇਗਾ ਤਾਂ ਪੰਜਾਬ ਵੀ ਨਹੀਂ ਬਚੇਗਾ।ਇਸ ਲਈ ਸਾਨੂੰ ਕੋਈ ਅਜਿਹਾ ਰਾਹ ਲੱਭਣਾ ਚਾਹੀਦਾ ਹੈ ਜਿਸ ਨਾਲ ਪੰਜਾਬ ਦੀ ਖੇਤੀ ਅਤੇ ਕਾਰੋਬਾਰ ਦੋਵੇਂ ਸੁਰੱਖਿਅਤ ਰਹਿ ਸਕਣ।ਆਪ ਦੇ ਬੁਲਾਰੇ ਨੇ ਹਰਿਆਣਾ ਸਰਕਾਰ ਨੂੰ ਹਾਈਵੇਅ ਤੋਂ ਬੈਰੀਕੇਡ ਹਟਾਉਣ ਅਤੇ ਉਦਯੋਗ ਅਤੇ ਵਪਾਰ ਨਾਲ ਸਬੰਧਤ ਵਾਹਨਾਂ ਦੀ ਨਿਰਵਿਘਨ ਆਵਾਜਾਈ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਨੂੰ ਜਲਦੀ ਹੱਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀ ਕਾਨੂੰਨ ਨੂੰ ਵਾਪਸ ਲੈਂਦਿਆਂ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇਣ ਦਾ ਵਾਅਦਾ ਕੀਤਾ ਸੀ, ਇਸ ਲਈ ਉਨ੍ਹਾਂ ਨੂੰ ਆਪਣਾ ਵਾਅਦਾ ਨਿਭਾਉਣਾ ਚਾਹੀਦਾ ਹੈ।ਨੀਲ ਗਰਗ ਨੇ ਪੰਜਾਬ ਵਿਧਾਨ ਸਭਾ ਵਿੱਚ ਕੇਂਦਰ ਸਰਕਾਰ ਵੱਲੋਂ ਪ੍ਰਸਤਾਵਿਤ 'ਖੇਤੀਬਾੜੀ ਨੀਤੀ' ਦੇ ਖਰੜੇ ਨੂੰ ਰੱਦ ਕਰਨ ਦੇ ਪੰਜਾਬ ਸਰਕਾਰ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਪਹਿਲੇ ਦਿਨ ਤੋਂ ਹੀ ਕਿਸਾਨਾਂ ਦੇ ਨਾਲ ਖੜ੍ਹੇ ਹਾਂ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਖੜ੍ਹੇ ਰਹਾਂਗੇ।ਗਰਗ ਨੇ ਕਿਹਾ ਕਿ ਇਹ ਖਰੜਾ ਪੰਜਾਬ ਅਤੇ ਇਸ ਦੇ ਕਿਸਾਨਾਂ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ। ਜਦੋਂ ਕੇਂਦਰ ਸਰਕਾਰ ਵੱਲੋਂ ਖਰੜਾ ਸ਼ੁਰੂ ਵਿੱਚ ਭੇਜਿਆ ਗਿਆ ਸੀ, ਤਾਂ ਪੰਜਾਬ ਦੇ ਖੇਤੀਬਾੜੀ ਮੰਤਰੀ ਨੇ ਕਿਸਾਨ ਯੂਨੀਅਨਾਂ, ਮਜ਼ਦੂਰਾਂ, ਕਮਿਸ਼ਨ ਏਜੰਟਾਂ (ਆੜ੍ਹਤੀਆਂ) ਅਤੇ ਖੇਤੀਬਾੜੀ ਦੇ ਹੋਰ ਨੁਮਾਇੰਦਿਆਂ ਸਮੇਤ ਸਾਰੇ ਹਿੱਸੇਦਾਰਾਂ ਨਾਲ ਸਲਾਹ ਮਸ਼ਵਰਾ ਕੀਤਾ ਸੀ। ਇਨ੍ਹਾਂ ਵਿਚਾਰ-ਵਟਾਂਦਰੇ ਦੌਰਾਨ ਸਪੱਸ਼ਟ ਹੋ ਗਿਆ ਕਿ ਇਹ ਪ੍ਰਸਤਾਵ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਹੈ ਅਤੇ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ।ਇਸ ਲਈ 'ਆਪ' ਸਰਕਾਰ ਨੇ ਵਿਧਾਨ ਸਭਾ ਵਿੱਚ ਇਸ ਖ਼ਿਲਾਫ਼ ਮਤਾ ਲਿਆ ਕੇ ਰੱਦ ਕਰ ਦਿੱਤਾ ਸੀ।

ਨਵੀਂ ਚੁਣੀ ਕਮੇਟੀ ਨੇ ਕੀਤੀ ਪਹਿਲੀ ਮੀਟਿੰਗ

ਬਲਾਚੌਰ (ਜਸਵਿੰਦਰ ਬੈਂਸ) ਨਗਰ ਕੌਂਸਲ ਬਲਾਚੌਰ ਦੀ ਪਹਿਲੀ ਮੀਟਿੰਗ ਪ੍ਰਧਾਨ ਲਾਡੀ ਰਾਣਾ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਚੁਣੇ ਗਏ ਐਮ ਸੀ ਮੌਜੂਦ ਰਹੇ। ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ ਨੇ ਦੱਸਿਆ ਕਿ ਨਵੀਂ ਚੁਣੀ ਗਈ ਕਮੇਟੀ ਦੀ ਮੀਟਿੰਗ ਦੌਰਾਨ15 ਵਾਰਡਾਂ ਦੇ ਕੌਂਸਲਰਾਂ ਵੱਲੋਂ ਆਪਣੇ ਆਪਣੇ ਵਾਰਡਾਂ ਦੀਆਂ ਵੱਖ ਵੱਖ ਸਮੱਸਿਆਵਾਂ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਮੌਜੂਦ ਕੌਂਸਲਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਸ਼ਹਿਰ ਦੇ ਵਾਰਡਾਂ ਦਾ ਸਰਬਪੱਖੀ ਵਿਕਾਸ ਬਗੈਰ ਵਿਤਕਰਾ ਕੀਤਿਆਂ ਛੇਤੀ ਹੀ ਸ਼ੁਰੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਦਰਪੇਸ਼ ਆ ਰਹੀ ਕੂੜੇ ਦੀ ਮੁੱਖ ਸਮੱਸਿਆ ਦਾ ਪਹਿਲ ਦੇ ਅਧਾਰ 'ਤੇ ਹੱਲ ਕਰਵਾ ਕੇ ਸ਼ਹਿਰ ਨੂੰ ਸਾਫ ਸੁਥਰਾ ਬਣਾਇਆ ਜਾਵੇਗਾ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਬਲਾਚੌਰ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਵਿੱਚ ਨਗਰ ਕੌਂਸਲ ਦੀ ਟੀਮ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ।

ਰਾਜ ਗੀਤ 'ਤੇ ਵਿਧਾਨ ਸਭਾ ਕਮੇਟੀ ਦਾ ਕੰਮ ਲਗਭਗ ਪੂਰਾ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਰਾਜ ਗੀਤ ਦੇ ਚੋਣ ਲਈ ਗਠਨ ਵਿਧਾਨ ਸਭਾ ਦੀ ਕਮੇਟੀ ਦਾ ਕੰਮ ਲਗਭਗ ਪੂਰਾ ਹੋ ਗਿਆ ਹੈ। ਹਰਿਆਣਾ ਰਾਜ ਗੀਤ ਚੋਣ ਕਮੇਟੀ ਦੀ ਪ੍ਰਬੰਧਿਤ 10ਵੀਂ ਮੀਟਿੰਗ ਵਿਚ ਵਿਧਾਨ ਸਭਾ ਸਪੀਕਰ ਹਰਵਿੰਦਰ ਕਲਿਆਣ ਵੀ ਸ਼ਾਮਿਲ ਹੋਏ।ਇਸ ਦੌਰਾਨ ਉਨ੍ਹਾਂ ਨੇ ਕਮੇਟੀ ਮੈਂਬਰਾਂ ਅਤੇ ਅਧਿਕਾਰੀਆਂ ਦੇ ਨਾਲ ਪ੍ਰਸਤਾਵਿਤ ਰਾਜ ਗੀਤ ਸੁਣਿਆ ਤੇ ਇਸ ਦੀ ਸ਼ਲਾਘਾ ਕਰਦੇ ਹੋਏ ਕਿਹਾ ਹੈ ਕਿ ਇਹ ਗੀਤ ਸੂਬੇ ਦਾ ਸਮੁੱਚੇ ਰੂਪ ਨਾਲ ਪਰਿਚੈ ਕਰਵਾਏਗਾ।ਗਤੀ ਦੇ ਬੋਲ ਅਤੇ ਸੰਗੀਤ ਕਾਫੀ ਪ੍ਰਭਾਵੀ ਹੈ। ਕਮੇਟੀ ਇਸ ਬਾਰੇ ਵਿਚ ਜਲਦੀ ਆਪਣੀ ਰਿਪੋਰਟ ਪੇਸ਼ ਕਰੇਗੀ ਅਤੇ ਅਗਾਮੀ ਬਜਟ ਸੈਸ਼ਨ ਵਿਚ ਰਾਜ ਗੀਤ ਦੇ ਐਲਾਨ ਹੋਣ ਦੀ ਸੰਭਾਵਨਾ ਹੈ।ਗੀਤ ਦੀ ਵਿਸ਼ਾ ਵਸਤੂ ਵਿਚ ਹਰਿਆਣਾ ਦੇ ਗੌਰਵਸ਼ਾਲੀ ਇਤਿਹਾਸ, ਸਭਿਆਚਾਰਕ ਵਿਰਾਸਤ, ਭਗੋਲਿਕ ਢਾਂਚਾ ਅਤੇ ਸੂਬੇ ਦੀ ਵਿਕਾਸ ਯਾਤਰਾ ਨੂੰ ਦਰਸ਼ਾਇਆ ਗਿਆ ਹੈ।ਸਿਆਸਤ ਵਿਚ ਪ੍ਰਵੇਸ਼ ਦੀ ਉਤਸਵ ਧਰਮੀ ਸਭਿਆਚਾਰ ਅਤੇ ਹਰਿਆਣਾ ਵਾਸੀਆਂ ਦੀ ਸਾਦਗੀ ਵਰਗੀ ਮੂਲ ਵਿਸ਼ੇਸ਼ਤਾਵਾਂ ਦਰਸ਼ਾਉਣ ਦਾ ਯਤਨ ਕੀਤਾ ਹੈ।ਇਸ ਵਿਚ ਸੂਬਾਵਾਸੀਆਂ ਦੇ ਆਪਸੀ ਭਾਈਚਾਰੇ, ਸਿਖਿਆ ਅਤੇ ਵਪਾਰ ਦਾ ਵੀ ਵਿਸ਼ੇਸ਼ ਵਰਨਣ ਹੈ।ਗੀਤ ਵਿਚ ਜਿੱਥੇ ਹਰਿਆਣਵੀਂ ਲੋਕ ਜੀਵਨ ਨੂੰ ਕਾਵਬੱਧ ਕੀਤਾ ਗਿਆ, ਉੱਥੇ ਇਸ ਵਿਚ ਸੂਬੇ ਦਾ ਮਾਣ ਵਧਾਉਂਦੇ ਕਿਸਾਨਾਂ, ਵੀਰ-ਸੈਨਿਕਾਂ ਅਤੇ ਖਿਡਾਰੀਆਂ ਦੇ ਯੋਗਦਾਨ ਨੂੰ ਵਿਸ਼ੇਸ਼ ਰੂਪ ਨਾਲ ਰੇਖਾਂਕਿਤ ਕੀਤਾ ਗਿਆ ਹੈ। ਮੀਟਿੰਗ ਵਿਚ ਕਮੇਟੀ ਦੇ ਚੇਅਰਮੈਨ ਲਛਮਣ ਸਿੰਘ ਯਾਦਵ, ਮੈਂਬਰ ਗੀਤਾ ਭੁੱਕਲ, ਵਿਨੋਦ ਭਿਯਾਨਾ, ਕਲਾਸ ਅਤੇ ਸਭਿਆਚਾਰ ਕਾਰਜ ਵਿਭਾਗ ਦੇ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ, ਡਾਇਬੈਕਟਰ ਜਨਰਲ ਕੇ. ਮਕਰੰਦ ਪਾਂਡੂਰੰਗ ਸਮੇਤ ਅਨੇਕ ਅਧਿਕਾਰੀ ਮੌਜੂਦ ਰਹੇ।

ਸ਼੍ਰੀਮਦ ਭਾਗਵਤ ਗੀਤਾ ਆਦਰਸ਼ ਜੀਵਨ ਲਈ ਰਾਹ-ਦਸੇਰਾ : ਸੰਧਵਾਂ

ਜਲੰਧਰ, (ਸੁਰਿੰਦਰ ਕੁਮਾਰ) - ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸ਼੍ਰੀਮਦ ਭਾਗਵਤ ਗੀਤਾ ਇਕ ਧਾਰਮਿਕ ਗ੍ਰੰਥ ਹੀ ਨਹੀਂ ਸਗੋਂ ਆਦਰਸ਼ ਜੀਵਨ ਨਿਰਬਾਹ ਕਰਨ ਲਈ ਰਾਹ ਦਸੇਰਾ ਵੀ ਹੈ ਅਤੇ ਇਸ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਕੋਈ ਵੀ ਵਿਅਕਤੀ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਦਇਆ ਤੇ ਕਿਰਪਾ ਹਾਸਿਲ ਕਰ ਸਕਦਾ ਹੈ।ਵਿਸ਼ਵ ਪ੍ਰਸਿੱਧ ਅਧਿਆਤਮਕ ਕਥਾ ਵਾਚਕ ਜਯਾ ਕਿਸ਼ੋਰੀ ਵਲੋਂ ਸਾਈਂ ਦਾਸ ਪਬਲਿਕ ਸਕੂਲ ਦੀ ਗਰਾਊਂਡ ਵਿਖੇ ਕੀਤੀ ਜਾ ਰਹੀ ਸ਼੍ਰੀਮਦ ਭਾਗਵਤ ਕਥਾ ਵਿੱਚ ਸ਼ਮੂਲੀਅਤ ਕਰਦਿਆਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਆਜੋਕੇ ਸਮੇਂ ਵਿੱਚ ਨੌਜਵਾਨਾਂ ਦੀ ਸਾਡੇ ਪਵਿੱਤਰ ਧਾਰਮਿਕ ਗ੍ਰੰਥਾਂ ਨਾਲ ਜੁੜਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸ਼੍ਰੀਮਦ ਭਾਗਵਤ ਗੀਤਾ ਅਧਿਆਤਮਿਕ ਸਿੱਖਿਆਵਾਂ ਦਾ ਸਰੋਤ ਹੈ ਅਤੇ ਸਾਡੀ ਅਮੀਰ ਵਿਰਾਸਤ ਦਾ ਪ੍ਰਤੀਕ ਵੀ ਹੈ। ਉਨ੍ਹਾਂ ਕਿਹਾ ਕਿ ਜੋ ਦਿਲੋਂ ਸ਼੍ਰੀਮਦ ਭਾਗਵਤ ਗੀਤਾ ਦੀਆਂ ਸਿੱਖਿਆਵਾਂ ਦਾ ਸਤਿਕਾਰ ਕਰਦੇ ਹਨ ਅਤੇ ਇਨ੍ਹਾਂ 'ਤੇ ਚੱਲਦੇ ਹਨ, ਉਨ੍ਹਾਂ ਨੂੰ ਇਹ ਜ਼ਿੰਦਗੀ ਵਿੱਚ ਹਰ ਮੁਸੀਬਤ ਦਾ ਪੂਰੀ ਦ੍ਰਿੜਤਾ ਨਾਲ ਟਾਕਰਾ ਕਰਨ ਦੇ ਸਮਰੱਥ ਬਣਾਉਂਦੀ ਹੈ। ਉਨ੍ਹਾਂ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ ਵਲੋਂ ਜਲੰਧਰ ਵਿਖੇ ਇਹ ਸਮਾਗਮ ਕਰਵਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੱਤ ਦਿਨਾਂ ਤੱਕ ਚੱਲਣ ਵਾਲੇ ਇਸ ਧਾਰਮਿਕ ਸਮਾਗਮ ਦੌਰਾਨ ਕਥਾਵਾਚਕ ਜਯਾ ਕਿਸ਼ੋਰੀ ਵਲੋਂ ਸ਼੍ਰੀਮਦ ਭਾਗਵਤ ਗੀਤਾ ਰਾਹੀਂ ਲੋਕਾਂ ਨੂੰ ਅਧਿਆਤਮਿਕਤਾ ਨਾਲ ਜੋੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਮਾਗਮ ਇਸ ਧਾਰਮਿਕ ਸ਼ਹਿਰ ਜਲੰਧਰ ਲਈ ਮੀਲ ਦਾ ਪੱਥਰ ਸਿੱਧ ਹੋਵੇਗਾ, ਜਿਸ ਵਿੱਚ ਪ੍ਰਸਿੱਧ ਕਥਾਵਾਚਕ ਜਯਾ ਕਿਸ਼ੋਰੀ ਜੀ ਸੰਗੀਤਕ ਧੁਨਾਂ ਰਾਹੀਂ ਸ਼੍ਰੀਮਦ ਭਾਗਵਤ ਕਥਾ ਦੀਆਂ ਸਿੱਖਿਆਵਾਂ 'ਤੇ ਚਾਨਣਾ ਪਾਉਣਗੇ।

ਹਰਿਆਣਾ ਦੇ ਮੁੱਖ ਮੰਤਰੀ ਨੇ ਕੀਤੀ ਨਰੇਂਦਰ ਮੋਦੀ ਨਾਲ ਮੁਲਾਕਾਤ

ਚੰਡੀਗੜ੍ਹ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਨਵੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਨਾਲ ਹਰਿਆਣਾ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਭਵਿੱਖ ਦੀ ਪਰਿਯੋਜਨਾਵਾਂ ਤੇ ਚਰਚਾ ਕੀਤੀ ਅਤੇ ਕੇਂਦਰੀ ਯੋਜਨਾਵਾਂ ਦ ਲਾਗੂ ਕਰਨ ਦੀ ਪ੍ਰਗਤੀ ਰਿਪੋਰਟ ਨਾਲ ਪ੍ਰਧਾਨ ਮੰਤਰੀ ਨੂੰ ਜਾਣੂੰ ਕਰਾਇਆ। ਮੀਟਿੰਗ ਦੌਰਾਨ, ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਏ ਹੇਠ ਹਰਿਆਣਾ ਸੂਬੇ ਵਿਚ ਕੀਤੇ ਜਾ ਰਹੇ ਚਹੁੰਮੁਖੀ ਵਿਕਾਸ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਮੌਜੂਦਾ ਹਰਿਆਣਾ ਸਰਕਾਰ ਸਮਾਜ ਦੇ ਸਾਰੇ ਵਰਗ ਵਿਸ਼ੇਸ਼ਕਰ ਗਰੀਬ ਅਤੇ ਪਿਛੜਾ ਵਰਗ ਲਈ ਲਗਾਤਾਰ ਭਲਾਈਕਾਰੀ ਯੋਜਨਾਵਾਂ ਲਾਗੂ ਕਰ ਉਨ੍ਹਾਂ ਨੂੰ ਸਮਾਜ ਦੀ ਮੁੱਖਧਾਰਾ ਵਿਚ ਲਿਆਉਣ ਲਈ ਸਫਲ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਮਾਰਗਦਰਸ਼ਨ ਵਿਚ ਦਿੱਲੀ ਵਿਧਾਨਸਭਾ ਚੋਣਾ

1 Mar Page-9.qxd 2/28/2025 10:58 PM Page 1

2 ਪਿਸਟਲ ਤੇ 1 ਰਿਵਾਲਵਰ ਸਮੇਤ ਨੌਜਵਾਨ ਕਾਬੂ

ਫਗਵਾੜਾ (ਡਾ. ਰਮਨ) ਗੌਰਵ ਤੂਰਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਵੱਲੋਂ ਮਾੜੇ ਅਨਸਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਵਿੱਢੀ ਮੁਹਿੰਮ ਦੇ ਤਹਿਤ ਰੁਪਿੰਦਰ ਕੌਰ ਭੱਟੀ ਪੁਲਿਸ ਕਪਤਾਨ ਸਬ-ਡਵੀਜਨ ਫਗਵਾੜਾ ਅਤੇ ਭਾਰਤ ਭੂਸ਼ਨ ਉਪ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਦੀ ਯੋਗ ਅਗਵਾਈ ਹੇਠ ਇੰਸਪੈਕਟਰ ਹਰਦੀਪ ਸਿੰਘ ਮੁੱਖ ਅਫਸਰ ਥਾਣਾ ਸਤਨਾਮਪੁਰਾ ਵੱਲੋਂ ਸੋਨੂੰ ਕੁਮਾਰ ਪੁੱਤਰ ਸ਼ਿਵ ਕੁਮਾਰ ਰਾਮ ਵਾਸੀ ਜਨਗੁਰੀ ਪਠਾਊ ਔਰੰਗਾਬਾਦ, ਬਿਹਾਰ ਹਾਲ ਵਾਸੀ ਗਲੀ ਨੰਬਰ 01 ਸਤਨਾਮਪੁਰਾ ਥਾਣਾ ਸਤਨਾਮਪੁਰਾ ਜ਼ਿਲ੍ਹਾ ਕਪੂਰਥਲਾ, ਆਸ਼ੂਤੋਸ਼ ਪੁੱਤਰ ਏ ਕੇ ਠਾਕੁਰ ਵਾਸੀ ਮੁਜ਼ੱਫਰਪੁਰ ਬੇਰੀਆ ਬੱਸ ਸਟੈਂਡ ਗਲੀ ਨੰਬਰ 01 ਬਿਹਾਰ ਹਾਲ ਵਾਸੀ ਗ੍ਰੀਨ ਵੈਲੀ ਲਾਅ ਗੇਟ ਫਗਵਾੜਾ ਜ਼ਿਲ੍ਹਾ ਕਪੂਰਥਲਾ ਅਤੇ ਨਿਸ਼ਾਂਤ ਰਾਜ ਪੁੱਤਰ ਰੋਹਿਤ ਕੁਮਾਰ ਵਾਸੀ ਗੁਸੀਆ ਖੁਰਦ ਥਾਣਾ ਬਿਕਰਮ ਪਰੰਜ ਜ਼ਿਲ੍ਹਾ ਰੋਹਤਾਸ (ਬਿਹਾਰ), ਹਾਲ ਵਾਸੀ ਬੈਕ ਸਾਈਡ ਬਰਗਰ ਕਿੰਗ ਮਾਲਕ ਸੁਰਜੀਤ ਜਸ਼ਨ ਦਾ ਫਲੈਟ ਮਹੇੜੂ ਜ਼ਿਲ੍ਹਾ ਕਪੂਰਥਲਾ ਅਤੇ ਹੋਰ ਨਾਮਲੂਮ ਵਿਅਕਤੀਆਂ ਖਿਲਾਫ ਕੇਸ ਦਰਜ਼ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਤਫਤੀਸ਼ ਦੌਰਾਨ

ਮੁਕੱਦਮਾ ਉਕਤ ਵਿੱਚ ਹੋਰ ਦੋਸ਼ੀਆਂ ਨੂੰ ਨਾਮਜਦ ਕੀਤਾ ਗਿਆ। ਮੁਕੱਦਮਾ ਵਿੱਚ ਨਿਸ਼ਾਂਤ ਰਾਜ ਪੁੱਤਰ ਰੋਹਿਤ ਕੁਮਾਰ ਵਾਸੀ ਗੁਸੀਆ ਖੁਰਦ ਥਾਣਾ ਬਿਕਰਮ ਪਰੰਜ ਜ਼ਿਲ੍ਹਾ ਰੋਹਤਾਸ (ਬਿਹਾਰ), ਹਾਲ ਵਾਸੀ ਬੈਕ ਸਾਈਡ ਬਰਗਰ ਕਿੰਗ ਮਾਲਕ ਸੁਰਜੀਤ ਜਸ਼ਨ ਦਾ ਫਲੈਟ ਮਹੇੜੂ ਜ਼ਿਲ੍ਹਾ ਕਪੂਰਥਲਾ ਨੂੰ ਮਿਤੀ 19-02-2025 ਨੂੰ ਲਾਅ ਗੇਟ ਮਹੇੜੂ ਤੋਂ ਅਤੇ ਆਸ਼ੂਤੋਸ਼ ਪੁੱਤਰ ਏ ਕੇ ਠਾਕੁਰ ਵਾਸੀ ਮਜ਼ੱਫਰਪੁਰ ਬੇਰੀਆ ਬੱਸ ਸਟੈਂਡ ਗਲੀ ਨੰਬਰ 01 ਬਿਹਾਰ ਹਾਲ ਵਾਸੀ ਗ੍ਰੀਨ ਵੈਲੀ ਲਾਅ ਗੇਟ ਫਗਵਾੜਾ ਜ਼ਿਲ੍ਹਾ ਕਪੂਰਥਲਾ ਨੂੰ ਮਿਤੀ 21.02.2025 ਨੂੰ ਵਰਿੰਦਰ ਨਗਰ ਫਗਵਾੜਾ ਥਾਣਾ ਸਿਟੀ ਫਗਵਾੜਾ ਤੋਂ ਗ੍ਰਿਫ਼ਤਾਰ ਕੀਤਾ ਗਿਆ।ਮੁਕੱਦਮਾ ਉਕਤ ਵਿੱਚ ਨਾਮਜਦ ਦੋਸ਼ੀ ਜੇ ਮਨੀ ਰਤਨਮ ਪੁੱਤਰ ਸੁਰਿੰਦਰ ਕੁਮਾਰ ਵਾਸੀ ਬਲੂਘਾਟ, ਬ੍ਰਮਸਥਾਨ ਮਜ਼ੱਫਰਪੁਰ ਬਿਹਾਰ ਥਾਣਾ ਮੋਤੀ ਝੀਲ ਬਿਹਾਰ ਹਾਲ ਵਾਸੀ ਬੈਕ ਸਾਈਡ ਪਲਾਟੀਨਮ ਪੀ.ਜੀ. ਲਾਅ ਗੇਟ ਮਹੇੜੂ ਥਾਣਾ ਸਤਨਾਮਪੁਰਾ ਜਿਲਾ ਕਪੂਰਥਲਾ ਨੂੰ ਮਾ ਬਗਲਾ ਮੁਖੀ ਅਪਾਰਟਮੈਂਟ ਮਹੇੜੂ ਜ਼ਿਲ੍ਹਾ ਕਪੂਰਥਲਾ ਤੋਂ ਮਿਤੀ 23.02.2025 ਗ੍ਰਿਫ਼ਤਾਰ ਕਰਕੇ ਇਸ ਪਾਸੋਂ 01 ਪਿਸਟਲ 7.65 ਐਮ.ਐਮ ਸਮੇਤ 06 ਜਿੰਦਾ ਕਾਰਤੂਸ, 01 ਪਿਸਟਲ 7.65 ਐਮ.ਐਮ ਸਮੇਤ 06 ਜਿੰਦਾ ਕਾਰਤੂਸ ਅਤੇ ਇੱਕ ਰਿਵਾਲਵਰ .32 ਬੋਰ ਸਮੇਤ 03 ਜਿੰਦਾ ਕਾਰਤੂਸ ਅਤੇ 02 ਖਾਲੀ ਕਾਰਤੂਸ ਚੱਲੇ ਹੋਏ ਬ੍ਰਾਮਦ ਕੀਤੇ ਗਏ ਸਨ।

ਫਿਲੌਰ ਇਲਾਕੇ 'ਚ ਭਾਰੀ ਮੀਂਹ

ਫਿਲੌਰ (ਨਿਰਮਲ)- ਅੱਜ ਫਿਲੌਰ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਕਿਧਰੇ ਭਾਰੀ ਅਤੇ ਕਿਧਰੇ ਹਲਕੀ ਵਰਖਾ ਹੋਈ, ਜਿਸ ਕਾਰਨ ਇਲਾਕੇ ਵਿੱਚ ਮੌਸਮ ਠੰਡਾ ਹੋ ਗਿਆ। ਕੁਝ ਕਿਸਾਨਾਂ ਨੇ ਇਸ ਮੀਂਹ ਨੂੰ ਕਣਕ ਅਤੇ ਚਾਰੇ ਦੀ ਫਸਲ ਲਈ ਲਾਭਕਾਰੀ ਦੱਸਿਆ ਤੇ ਕੁਝ ਨੇ ਨੁਕਸਾਨ ਦੇ ਦੱਸਿਆ। ਫਿਲੌਰ ਸ਼ਹਿਰ ਦੀ ਮੁੱਖ ਸੜਕ ਕਿਲਾ ਰੋਡ ਪਾਣੀ ਨਾਲ ਭਰ ਗਈ,ਜਿਸ ਕਾਰਨ ਆਵਾਜਾਈ ਵਿੱਚ ਵਿਘਨ ਪਿਆ ਅਤੇ ਸੜਕਾਂ ਤੋਂ ਲੋਕਾਂ ਦਾ ਲੰਘਣਾ ਔਖਾ ਸੀ। ਦੁਕਾਨਦਾਰਾਂ ਮਜ਼ਦੂਰਾਂ ਨੇ ਇਸ ਵਰਖਾ ਨੂੰ ਨੁਕਸਾਨਦਾਇਕ ਦੱਸਿਆ ਤੇ ਕਿਹਾ ਕਿ ਅੱਜ ਭਾਰੀ ਮੰਦਾ ਰਿਹਾ, ਰਾਜ ਮਿਸਤਰੀ ਘਰੀ ਬੈਠੇ ਰਹੇ। ਫਿਲੌਰ ਤੋਂ ਇਲਾਵਾ ਅੱਪਰਾ, ਲਸਾੜਾ, ਨਗਰ, ਝੰਡੀ ਪੀਰ, ਆਸ਼ਾਹੂਰ, ਹਰੀਪੁਰ, ਅਕਲਪੁਰ, ਖੈਹਿਰਾ,ਭੱਟੀਆਂ, ਤੇਹਿੰਗ, ਮੁਠੱਡਾ, ਗੰਨਾ ਪਿੰਡ, ਬੱਛੋਵਾਲ, ਸੈਫਾਬਾਦ, ਰਾਮਗੜ੍ਹ, ਨੰਗਲ,ਬੁਰਜ ਪੁਖਤਾ ਆਦਿ ਪਿੰਡਾਂ ਤੋਂ ਕਿਧਰੇ ਭਾਰੀ ਕਿਧਰੇ ਹਲਕੀ ਵਰਖਾ ਦੇ ਸਮਾਚਾਰ ਪ੍ਰਾਪਤ ਹੋਏ ਹਨ। ਫਿਲੌਰ ਸ਼ਹਿਰ ਦਾ ਸੀਵਰੇਜ ਬਹੁਤ ਛੋਟਾ ਹੈ, ਜੋ ਅੱਜ ਤੋਂ ਲਗਭਗ 30-35 ਸਾਲ ਪਹਿਲਾਂ ਪਾਇਆ ਗਿਆ ਸੀ। ਉਸ ਵਕਤ ਘਰੀ ਨਲਕੇ ਹੀ ਹੁੰਦੇ ਸਨ। ਅੱਜ ਕੱਲ ਵਾਟਰ ਸਪਲਾਈ ਸੀਵਰੇਜ ਦੀ ਸਹੂਲਤ ਹੈ। ਲੋਕਾਂ ਦੀ ਮੰਗ ਹੈ ਕਿ ਫਿਲੌਰ ਸ਼ਹਿਰ ਵਿੱਚ ਸੀਵਰੇਜ ਵੱਡਾ ਪਾਇਆ ਜਾਵੇ ਜੋ ਸ਼ਹਿਰ ਦੇ ਮੀਂਹ ਅਤੇ ਘਰਾਂ ਦਾ ਪਾਣੀ ਤੁਰੰਤ ਖਿੱਚ ਲਵੇ।

ਕਰੰਟ ਲੱਗਣ ਨਾਲ 10 ਸਾਲਾ ਮਾਸੂਮ ਬੱਚੇ ਦੀ ਮੌਤ

ਜਲੰਧਰ -(ਇਕਬਾਲ ਸਿੰਘ ਉਭੀ) - ਸਥਾਨਕ ਈਦਗਾਹ ਮੁਹੱਲੇ ਦੇ ਰਹਿਣ ਵਾਲੇ 10 ਸਾਲਾ ਦਾਨਿਸ਼ ਦੀ ਛੱਤ 'ਤੇ ਪਤੰਗ ਉਡਾਉਂਦੇ ਸਮੇਂ ਕਰੰਟ ਲੱਗਣ ਕਾਰਨ ਮੌਤ ਹੋ ਗਈ। ਛੱਤ 'ਤੇ ਪਤੰਗ ਉਡਾਉਂਦੇ ਸਮੇਂ ਬੱਚੇ ਦਾ ਹੱਥ ਤਾਰ ਨੂੰ ਲੱਗ ਗਿਆ ਤੇ ਕਰੰਟ ਦਾ ਝਟਕਾ ਲੱਗਣ ਕਾਰਨ ਉਹ ਦੂਰ ਜਾ ਡਿੱਗਾ।ਮਾਪਿਆਂ ਵੱਲੋਂ ਬੱਚੇ ਨੂੰ ਐੱਸ ਜੀ ਐੱਲ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਦਾ ਪਤਾ ਲੱਗਣ 'ਤੇ ਸਾਬਕਾ ਕੌਂਸਲਰ ਪਾਲੀ ਨੇ ਕਿਹਾ ਕਿ ਇਕ ਮਹੀਨਾ ਪਹਿਲਾਂ ਛੱਤਾਂ ਤੋਂ ਤਾਰਾਂ ਦੂਰ ਕਰਨ ਲਈ ਕਿਹਾ ਗਿਆ ਸੀ, ਪਰ ਪਾਵਰਕਾਮ ਨੇ ਕੁਝ ਨਹੀਂ ਕੀਤਾ ਤੇ ਹਾਦਸਾ ਵਾਪਰ ਗਿਆ। ਇਲਾਕਾ ਵਾਸੀਆਂ ਨੇ ਦੱਸਿਆ ਕਿ ਹਾਈ ਵੋਲਟੇਜ ਤਾਰਾਂ ਛੱਤਾਂ ਦੇ ਬਿਲਕੁਲ ਨੇੜਿਓਂ ਲੰਘਦੀਆਂ ਹਨ। ਹਰ ਵੇਲੇ ਹਾਦਸੇ ਦਾ ਡਰ ਬਣਿਆ ਰਹਿੰਦਾ ਹੈ।

ਏ ਡੀ ਸੀ ਨੇ ਸੀਵਰੇਜ ਤੇ ਐੱਸ ਟੀ ਪੀ ਦਾ ਕੀਤਾ ਨਿਰੀਖਣ

ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ) ਅੱਜ 28 ਫਰਵਰੀ 2025 ਨੂੰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਨਮੋਲ ਸਿੰਘ ਧਾਲੀਵਾਲ ਵੱਲੋਂ ਨਯਾਂ ਗਾਂਓ ਵਿਖੇ ਐਸ ਬੀ ਐਮ 20 ਸਕੀਮ ਤਹਿਤ ਵਿਛਾਈ ਜਾ ਰਹੀ 2000 ਮੀਟਰ ਸੀਵਰੇਜ ਅਤੇ ਐਸ ਟੀ ਪੀ ਦਾ ਨਿਰੀਖਣ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਸੀਵਰੇਜ ਸਕੀਮ ਅਤੇ ਐਸ ਟੀ ਪੀ ਦੇ ਤਕਨੀਕੀ ਪਹਿਲੂਆਂ ਅਤੇ ਕੰਮ ਦੀ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਹਾਸਲ ਕੀਤੀ ਗਈ।ਇਸ ਮੌਕੇ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ 4400 ਮੀਟਰ ਦੇ ਕਰੀਬ 2000 ਮੀਟਰ ਦਾ ਮੇਨ ਸੀਵਰੇਜ ਵਿਛਾਇਆ ਗਿਆ ਹੈ ਅਤੇ ਐਸ ਟੀ ਪੀ ਦਾ ਵੀ ਲੱਗਭਗ 15 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ।ਉਨ੍ਹਾਂ ਵੱਲੋਂ ਮੌਕੇ 'ਤੇ ਮੌਜੂਦ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਇਸ ਕੰਮ ਨੂੰ ਸਮੇਂ ਬੱਧ ਤਰੀਕੇ ਨਾਲ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

ਆਰਥੋ ਸਰਜਨਾਂ ਦੀ ਦੋ ਦਿਨਾਂ ਕਾਨਫ਼ਰੰਸ ਅੱਜ ਤੋਂ

ਮੋਹਾਲੀ, (ਗੁਰਜੀਤ ਬਿੱਲਾ) ਕਈ ਰਾਜਾਂ ਦੇ ਆਰਥੋ ਸਰਜਨਾਂ ਦੀ ਕਾਨਫ਼ਰੰਸ 1 ਅਤੇ 2 ਮਾਰਚ ਨੂੰ ਮੋਹਾਲੀ ਦੇ ਮੈਡੀਕਲ ਕਾਲਜ ਵਿਖੇ ਹੋ ਰਹੀ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਨੇ ਦਸਿਆ ਕਿ 29ਵੀਂ ਸਾਲਾਨਾ ਪੰਜਾਬ ਆਰਥੋਪੈਡਿਕਸ ਕਾਨਫ਼ਰੰਸ ਵਿਚ ਸ਼ਿੱਤੇ ਦੇ ਕਈ ਉਘੇ ਆਰਥੋ ਸਰਜਨ ਅਤੇ ਸਿਹਤ ਪੇਸ਼ੇਵਰ ਹਿੱਸਾ ਲੈਣਗੇ ਤੇ ਆਪੋ-ਅਪਣੇ ਕੀਮਤੀ ਵਿਚਾਰ ਅਤੇ ਤਜਰਬੇ ਸਾਂਝੇ ਕਰਨਗੇ। ਉਨ੍ਹਾਂ ਦਸਿਆ ਕਿ ਏਮਜ਼ ਮੋਹਾਲੀ ਦੇ ਆਰਥੋ ਵਿਭਾਗ ਅਤੇ ਏਮਜ਼ ਮੋਹਾਲੀ ਆਰਥੋ ਰਿਸਰਚ ਤੇ ਐਜੂਕੇਸ਼ਨਲ ਸੁਸਾਇਟੀ ਵਲੋਂ ਕਰਵਾਈ ਜਾ ਰਹੀ ਇਸ ਕਾਨਫ਼ਰੰਸ ਵਿਚ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਪ੍ਰਿੰਸੀਪਲ ਸਕੱਤਰ ਸ੍ਰੀ ਕੁਮਾਰ ਰਾਹੁਲ ਅਤੇ ਡਾਕਟਰੀ ਸਿਖਿਆ ਤੇ ਖੋਜ ਵਿਭਾਗ ਪੰਜਾਬ ਦੇ ਡਾਇਰੈਕਟਰ ਸ੍ਰੀ ਅਵਨੀਸ਼ ਕੁਮਾਰ ਵੀ ਕਾਨਫ਼ਰੰਸ ਦੀ ਸ਼ੋਭਾ ਵਧਾਉਣਗੇ। ਕਾਨਫ਼ਰੰਸ ਦੇ ਪ੍ਰਬੰਧ ਸਕੱਤਰ ਡਾ. ਅਨੁਪਮ ਮਹਾਜਨ ਨੇ ਦਸਿਆ ਕਿ ਕਾਨਫ਼ਰੰਸ ਵਿਚ ਪੰਜਾਬ, ਚੰਡੀਗੜ੍ਹ, ਹਰਿਆਣਾ, ਦਿੱਲੀ, ਹਿਮਾਚਲ ਅਤੇ ਜੰਮੂ ਕਸ਼ਮੀਰ ਦੇ ਉਘੇ ਆਰਥੋ ਸਰਜਨ ਹਿੱਸਾ ਲੈ ਰਹੇ ਹਨ। ਇਸ ਦੌਰਾਨ ਆਰਥੋ ਖੇਤਰ ਵਿਚ ਆਈਆਂ ਨਵੀਆਂ ਤਕਨੀਕਾਂ ਅਤੇ ਖੋਜਾਂ ਬਾਰੇ ਕੀਮਤੀ ਵਿਚਾਰਾਂ ਦਾ ਆਦਾਨ-ਪ੍ਰਦਾਨ ਹੋਵੇਗਾ। ਇਸ ਵੱਡੇ ਸਮਾਗਮ ਵਿਚ ਦੇਸ਼ ਭਰ ਤੋਂ 350 ਡੈਲੀਗੇਟ ਹਿੱਸਾ ਲੈ ਰਹੇ ਹਨ।

ਮਾਂ ਚਿੰਤਪੁਰਨੀ ਮੰਦਰ ਤੋਂ ਮਹਾਂਸ਼ਿਵਰਾਤਰੀ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਸਜਾਈ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਪੰਡੋਰੀ ਕੱਦ ਵਿਖੇ ਮਾਂ ਚਿੰਤਪੁਰਨੀ ਮੰਦਰ ਜੀ ਦੇ ਅਸਥਾਨ ਤੋਂ ਮਹਾਂਸ਼ਿਵਰਾਤਰੀ ਦਿਹਾੜੇ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਸ਼ਰਧਾ ਭਾਵਨਾ ਨਾਲ ਸਜਾਈ ਗਈ, ਜੋ ਮਾਂ ਚਿੰਤਪੁਰਨੀ ਮੰਦਰ ਤੋਂ ਆਰੰਭ ਹੋ ਕੇ ਵੱਖ ਵੱਖ ਪੜਾਵਾਂ ਤੋਂ ਹੁੰਦੀ ਹੋਈ ਸ਼ਾਮ ਨੂੰ ਸਮਾਪਤ ਹੋਈ।ਯਾਤਰਾ ਦੌਰਾਨ ਪੰਜਾਬ ਦੀਆਂ ਨਾਮਵਾਰ ਭਜਨ ਮੰਡਲੀਆਂ ਨੇ ਭੋਲੇ ਸ਼ੰਕਰ ਜੀ ਦੇ ਗੁਣ ਗਾਇਨ ਕੀਤੇ। ਵੱਖ-ਵੱਖ ਮਹੱਲਿਆਂ ਵਿੱਚ ਸਵਾਗਤੀ ਗੇਟ ਲਗਾ ਕੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸ਼ਾਨਦਾਰ ਸਵਾਗਤ ਕੀਤਾ ਗਿਆ।ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਲੰਗਰ ਲਗਾਏ ਗਏ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੋਹਨ ਸਿੰਘ ਮਡਾਲਾ, ਇੰਦਰਜੀਤ ਸਿੰਘ ਮਡਾਲਾ, ਤੋਤੀ ਹਲਵਾਈ, ਗੁਰਮੀਤ ਚੰਦ, ਜਗਰੂਪ ਸਿੰਘ ਰੂਪਾ, ਇੰਦਰਜੀਤ ਸਿੰਘ ਬਿੱਟੂ, ਤਰਸੇਮ ਸਿੰਘ ਫੌਜੀ, ਲਾਡੀ ਧਾਮੀ, ਕੁਲਵਿੰਦਰ ਸਿੰਘ ਭੋਗਲ, ਕੁਲਵਿੰਦਰ ਸਿੰਘ ਤੰਬੜ, ਅਜੇ ਕੁਮਾਰ, ਰਾਜੂ ਕਾਲੀ, ਸੰਤੋਖ ਕੁਮਾਰ, ਰਜੇਸ਼ ਕੁਮਾਰ ਹੇੜੀਆ, ਸਰਬਜੀਤ ਸਿੰਘ ਬਿੱਲਾ, ਗੁਰਦੀਪ ਮਾਂਡਲਾ, ਕੁਲਵਿੰਦਰ ਸਿੰਘ ਪੱਪੂ ਭੋਗਲ, ਅੰਮ੍ਰਿਤਪਾਲ ਕਾਲੀਆ, ਵਿਨੋਦ ਕੁਮਾਰ ਕਾਲੀਆ, ਪੰਡਿਤ ਸ਼ਭਾਸ਼ ਚੰਦਰ, ਰਾਜਪਾਲ ਕਾਲੀਆ, ਤਰਲੋਚਨ ਸਿੰਘ ਕਾਲਾ,ਰਾਮ ਪਿਆਰੀ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

ਹਕੀਮਪੁਰ ਦੀਆਂ 28ਵੀਆਂ ਪੁਰੇਵਾਲ ਖੇਡਾਂ ਦਾ ਉਦਘਾਟਨ

● ਮੀਂਹ ਕਾਰਨ ਕੁਸ਼ਤੀ ਮੁਕਾਬਲੇ ਮੁਕੰਦਪੁਰ ਕਾਲਜ ਵਿਖੇ ਸ਼ੁਰੂ, ਕਬੱਡੀ ਆਲ ਓਪਨ ਮੁਲਤਵੀ

ਬੰਗਾ (ਅਵਤਾਰ ਕਲੇਰ)— ਦੋਆਬੇ ਦੀ ਓਲੰਪਿਕਸ ਵਜੋਂ ਜਾਣੀਆਂ ਜਾਂਦੀਆਂ ਹਕੀਮਪੁਰ ਦੀਆਂ 28ਵੀਆਂ ਪੁਰੇਵਾਲ ਖੇਡਾਂ ਸ਼ੁਰੂ ਹੋ ਗਈਆਂ।ਖੇਡਾਂ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਜਗਤਪੁਰ-ਹਕੀਮਪੁਰ ਵਿਖੇ ਸ਼ੁਰੂ ਹੋਈਆਂ ਜਿੱਥੇ ਕਬੱਡੀ ਦੇ ਛੋਟੇ ਉਮਰ ਵਰਗ, ਕੁਸ਼ਤੀ ਤੇ ਅਥਲੈਟਿਕਸ ਦੇ ਮੁਕਾਬਲਿਆਂ ਨਾਲ ਖੇਡਾਂ ਦਾ ਆਗਾਜ਼ ਹੋਇਆ। ਮੀਂਹ ਦੇ ਬਾਵਜੂਦ ਪ੍ਰਬੰਧਕਾਂ ਤੇ ਖਿਡਾਰੀਆਂ ਦਾ ਜੋਸ਼ ਠੰਢਾ ਨਾ ਪਿਆ ਅਤੇ ਕੁਸ਼ਤੀ ਮੁਕਾਬਲੇ ਜਗਤਪੁਰ ਤੋਂ ਤਬਦੀਲ ਕਰ ਕੇ ਅਮਰਦੀਪ ਸ਼ੇਰਗਿੱਲ ਯਾਦਗਾਰੀ ਕਾਲਜ ਮੁਕੰਦਪੁਰ ਦੇ ਇੰਡੋਰ ਮਲਟੀਪਰਪਜ਼ ਹਾਲ ਵਿਖੇ ਕਰਵਾਏ ਗਏ। ਇੰਡੋਰ ਹਾਲ ਵਿੱਚ ਕੁਸ਼ਤੀ ਦੇ ਪੰਜਾਬ ਕੁਮਾਰ, ਸਤਾਰ ਏ ਹਿੰਦ ਤੇ ਮਹਾਂਭਾਰਤ ਕੁਮਾਰੀ ਦੇ ਟਾਈਟਲ ਲਈ ਮੁਕਾਬਲੇ ਕਰਵਾਏ। ਲੱਖਾਂ ਰੁਪਏ ਦੇ ਇਨਾਮ ਵਾਲੇ ਕੁਸ਼ਤੀ ਦੇ ਸੱਤ ਟਾਈਟਲਾਂ ਲਈ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਇਲਾਵਾ ਕੈਨੇਡਾ ਤੇ ਇਰਾਨ ਤੋਂ ਪਹਿਲਵਾਨ ਆਏ ਹਨ। ਮੀਂਹ ਕਾਰਨ ਕਬੱਡੀ ਦੇ ਆਲ ਓਪਨ ਮੁਕਾਬਲੇ ਇਕ ਵਾਰ ਮੁਲਤਵੀ ਕਰਦਿਆਂ ਅੱਗੇ ਕਰਵਾਉਣ ਦਾ ਫੈਸਲਾ ਕੀਤਾ ਜਿਸ ਦੀ ਤਰੀਕ ਬਾਅਦ ਵਿੱਚ ਐਲਾਨੀ ਜਾਵੇਗੀ। ਖੇਡਾਂ ਦਾ ਉਦਘਾਟਨ ਪੰਜਾਬ ਵੇਅਰਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਤੇ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਪੰਜਾਬ ਜਲ ਸਰੋਤ ਪ੍ਰਬੰਧਕੀ ਤੇ ਵਿਕਾਸ ਕਾਰਪੋਰੇਸ਼ਨ

ਦੇ ਵਾਈਸ ਚੇਅਰਮੈਨ ਕੁਲਜੀਤ ਸਿੰਘ ਸਰਹਾਲ ਅਤੇ ਆਪ ਦੀ ਮਹਿਲਾ ਆਗੂ ਹਰਜੋਤ ਕੌਰ ਲੋਹਟੀਆ ਨੇ ਕੀਤਾ। ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਕਿਹਾ ਕਿ ਪੁਰੇਵਾਲ ਪਰਵਾਰ ਵੱਲੋਂ ਲੰਬੇ ਸਮੇਂ ਤੋਂ ਖੇਡਾਂ ਦੇ ਖੇਤਰ ਵਿੱਚ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਹੈ।ਖੇਡਾਂ ਦੇ ਮੁੱਖ ਪ੍ਰਬੰਧਕ ਗੁਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਜੇਤੂਆਂ ਨੂੰ ਲੱਖਾਂ ਰੁਪਏ ਦੇ ਨਕਦ ਇਨਾਮਾਂ ਤੋਂ ਇਲਾਵਾ ਟਰਾਫੀਆਂ, ਗੁਰਜਾਂ ਤੇ ਬਦਾਮਾਂ ਨਾਲ ਸਨਮਾਨਤ ਕੀਤਾ ਜਾਵੇਗਾ।ਇਸ ਤੋਂ ਪਹਿਲਾਂ ਸਵੇਰ ਦੇ ਸੈਸ਼ਨ ਵਿੱਚ ਜਗਤਪੁਰ ਸਟੇਡੀਅਮ ਵਿਖੇ ਕਬੱਡੀ ਵਿੱਚ ਅੰਡਰ 15, 17 ਤੇ 21 ਦੇ ਮੁਕਾਬਲੇ ਸ਼ੁਰੂ ਹੋਏ। ਅਥਲੈਟਿਕਸ ਵਿੱਚ 100 ਮੀਟਰ, 400 ਮੀਟਰ, 800 ਮੀਟਰ ਤੇ 1500 ਮੀਟਰ ਦੇ ਮੁਕਾਬਲੇ ਕਰਵਾਏ ਗਏ। ਸਵ. ਹਰਬੰਸ ਸਿੰਘ ਪੁਰੇਵਾਲ ਤੇ ਸਵ. ਮਲਕੀਤ ਸਿੰਘ ਪੁਰੇਵਾਲ ਦੀ ਯਾਦ ਵਿੱਚ ਕਰਵਾਈਆਂ ਜਾਂਦੀਆਂ ਪੁਰੇਵਾਲ ਖੇਡਾਂ ਇਸ ਵਾਰ ਸਵ. ਹਰਨੰਦਨ ਸਿੰਘ ਕਾਨੂ ਸਹੋਤਾ, ਸਵ. ਮੱਖਣ ਸਿੰਘ ਟਿਮਾਣਾ, ਸਵ. ਲਾਲੀ ਢੇਸੀ ਤੇ ਸਵ. ਰਵੀ ਸੋਢੀ ਨੂੰ ਸਮਰਪਿਤ ਹੋਣਗੀਆਂ।ਇਸ ਮੌਕੇ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਗੁਰਚਰਨ ਸਿੰਘ ਸ਼ੇਰਗਿੱਲ, ਪ੍ਰਸਿੱਧ ਖੇਡ ਕੁਮੈਂਟੇਰਰ ਪ੍ਰੋ ਮੱਖਣ ਸਿੰਘ ਹਕੀਮਪੁਰ, ਕੁਲਤਾਰ ਸਿੰਘ, ਮ

1-MAR-PAGE-10.qxd 2/28/2025 10:53 PM Page 1

ਦਿੱਲੀ ਵਾਂਗ 'ਆਪ' ਸਰਕਾਰ ਦਾ ਪੰਜਾਬ 'ਚ ਵੀ ਹੋਵੇਗਾ ਮਾੜਾ ਹਸ਼ਰ : ਗੁਰਮੇਲ ਸਿੰਘ ਮੌੜ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਕਾਂਗਰਸ ਪਾਰਟੀ ਦੇ ਪੀਪੀਸੀਸੀ ਮੈਂਬਰ ਤੇ ਹਲਕਾ ਮਹਿਲ ਕਲਾਂ ਦੇ ਕੋਆਰਡੀਨੇਟਰ ਗੁਰਮੇਲ ਸਿੰਘ ਮੌੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਦਿੱਲੀ ਦੀਆਂ ਚੋਣਾਂ ਵਾਂਗ ਪੰਜਾਬ ਅੰਦਰ ਵੀ ਮਾੜਾ ਹਾਸਰ ਹੋਵੇਗਾ, ਕਿਉਂਕਿ ਜਿੱਥੇ ਰਾਜ ਕਰ ਰਹੀ ਭਗਵੰਤ ਮਾਨ ਸਰਕਾਰ ਨੇ ਹੁਣ ਤੱਕ ਲੋਕਾਂ ਨੂੰ ਫੋਕੇ ਲਾਰਿਆਂ ਤੇ ਵਾਅਦਿਆਂ ਤੋਂ ਸਿਵਾਏ ਕੁਝ ਨਹੀਂ ਦਿੱਤਾ।ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਬਦਲਾਅ ਦੇ ਵੱਡੇ-ਵੱਡੇ ਸੁਪਨੇ ਦਿਖਾਉਣ ਵਾਲੀ ਭਗਵੰਤ ਮਾਨ ਸਰਕਾਰ ਤੇ ਰਾਜ ਅੰਦਰ ਕਿਸਾਨ ਮਜ਼ਦੂਰ, ਛੋਟਾ ਵਪਾਰੀ ਤੇ ਆਮ ਵਰਗ ਬੁਰੀ ਤਰ੍ਹਾਂ ਦੁਖੀ ਹੈ।ਅੱਜ ਲੋਕ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਆਪਣੇ ਆਪ ਨੂੰ ਲੁੱਟੇ-ਲੁੱਟੇ ਮਹਿਸੂਸ ਵੀ ਕਰਨ ਲੱਗੇ ਹਨ।ਮੌੜ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਦਿੱਲੀ ਅੰਦਰ ਹੋਈ ਬੁਰੀ ਤਰ੍ਹਾਂ ਹਾਰ ਤੋਂ ਬਾਅਦ ਆਉਣ ਵਾਲੇ ਸਮੇਂ ਅੰਦਰ ਪੰਜਾਬ ਅੰਦਰ ਵੀ ਇਸਦਾ ਵੱਡਾ ਹਸ਼ਰ ਦੇਖਣ ਨੂੰ ਮਿਲੇਗਾ, ਕਿਉਂਕਿ ਸੂਬੇ ਦੇ ਲੋਕ ਅੱਜ ਵੀ ਕਾਂਗਰਸ ਪਾਰਟੀ ਦੇ ਰਾਜ ਨੂੰ ਮੁੜ ਲਿਆਉਣ ਲਈ ਪੱਬਾਂ ਭਰ ਹਨ। ਉਨ੍ਹਾਂ ਕਿਹਾ ਕਿ ਇਸ ਵਕਤ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ, ਸਗੋਂ ਇੱਥੇ ਜੰਗਲ ਰਾਜ ਹੈ। ਲੁੱਟਾਂ ਖੋਹਾਂ ਸਰਕਾਰੀ ਦਫ਼ਤਰਾਂ ਅੰਦਰ ਭ੍ਰਿਸ਼ਟਾਚਾਰ ਦਾ ਵਾਧਾ ਤੇ ਦਿਨ ਦਿਹਾੜੇ ਗੁੰਡਾਗਰਦੀ ਕਤਲੇਆਮ ਨੇ ਲੋਕਾਂ ਦੇ ਸਾਹ ਸੂਤੇ ਹਨ।ਦੂਜਾ ਆਮ ਆਦਮੀ ਪਾਰਟੀ ਅੰਦਰ ਦਿਨੋ ਦਿਨ ਵਧ ਰਿਹਾ ਕਲੇਸ਼ ਹੀ ਪਾਰਟੀ ਦੀ ਕਿਸ਼ਤੀ ਨੂੰ ਡੋਬ ਦੇਵੇਗਾ।

ਐਸ ਡੀ ਐਮ ਤੇ ਡੀ ਐਸ ਪੀ ਵੱਲੋਂ ਓਟ ਸੈਂਟਰ ਦੀ ਚੈਕਿੰਗ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਰਾਜ ਵਿੱਚ ਨਸ਼ਿਆਂ ਦੇ ਦਿਨੋ ਦਿਨ ਵਧਦੇ ਕਹਿਰ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਸਰਕਾਰੀ ਹਸਪਤਾਲਾਂ ਵਿੱਚ ਬਣਾਏ ਗਏ ਓਟ ਸੈਂਟਰਾਂ ਦੀ ਸਥਿਤੀ ਤੇ ਕਾਰਜ ਪ੍ਰਣਾਲੀ ਸਬੰਧੀ ਜਾਣਕਾਰੀ ਲੈਣ ਲਈ ਐਸਡੀਐਮ ਅਸ਼ੋਕ ਕੁਮਾਰ ਤੇ ਡੀਐਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਵੱਲੋਂ ਪ੍ਰਾਇਮਰੀ ਹੈਲਥ ਸੈਂਟਰ ਦੀ ਅਚਨਚੇਤੀ ਚੈਕਿੰਗ ਕੀਤੀ ਗਈ।ਇਸ ਦੌਰਾਨ ਅਧਿਕਾਰੀਆਂ ਨੇ ਸੈਂਟਰ ਵਿੱਚ ਰੱਖ ਰਖਾਅ, ਸਫਾਈ ਤੇ ਕੁਮਚਾਰੀਆਂ ਦੀਆਂ ਡਿਊਟੀਆਂ ਤੇ ਦਵਾਈਆਂ ਸਬੰਧੀ ਜਾਣਕਾਰੀ ਹਾਸਲ ਕੀਤੀ। ਹਸਪਤਾਲ ਦਾ ਦੌਰਾ ਕਰਨ ਉਪਰੰਤ ਐਸਡੀਐਮ ਅਸ਼ੋਕ ਕੁਮਾਰ ਨੇ ਦੱਸਿਆ ਕਿ ਓਟ ਸੈਂਟਰ ਦੇ ਦੌਰੇ ਦੌਰਾਨ ਸਟਾਫ ਨੂੰ ਲੈ ਕੇ ਕੁਝ ਕਮੀਆਂ ਸਾਹਮਣੇ ਆਈਆਂ ਹਨ, ਜਿਸ ਸਬੰਧੀ ਹਾਜ਼ਰ ਕੁਮਚਾਰੀਆਂ ਨੂੰ ਲਿਖਤ ਰੂਪ ਵਿੱਚ ਰਿਪੋਰਟ ਪੇਸ਼ ਕਰਨ ਸਬੰਧੀ ਕਿਹਾ ਗਿਆ ਹੈ।ਇਸ ਦੌਰਾਨ ਡੀਐਸਪੀ ਇੰਦਰਪਾਲ ਸਿੰਘ ਚੌਹਾਨ ਨੇ ਕਿਹਾ ਕਿ ਨਸ਼ਿਆਂ ਦੇ ਪ੍ਰਕੋਪ ਨੂੰ ਰੋਕਣ ਲਈ ਪੁਲਸ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੇ ਤਹਿਤ ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਨੂੰ ਪੰਚਾਇਤਾਂ ਤੇ ਹੋਰ ਪਤਵੰਤੇ ਵਿਅਕਤੀਆਂ ਦੇ ਸਹਿਯੋਗ ਨਾਲ ਇਲਾਜ ਕਰਾਇਆ ਕਿ ਉਨ੍ਹਾਂ ਦਾ ਨਸ਼ਾ ਛੁਡਵਾ ਕੇ ਮੁੱਖ ਧਾਰਾ ਵਿੱਚ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪੁਲਸ ਕਿਸੇ ਵੀ ਤਰ੍ਹਾਂ ਦੇ ਨਸ਼ਾ ਤਸਕਰੀ ਕਰਨ ਵਾਲੇ ਕਿਸੇ ਵਿਅਕਤੀ ਨੂੰ ਨਹੀਂ ਬਖਸ਼ੇਗੀ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਨੂੰ ਰੋਕਣ ਲਈ ਪੁਲਸ ਦਾ ਸਹਿਯੋਗ ਕਰਨ।

ਡਾ. ਭੀਖੀ ਦੀ ਕਿਤਾਬ 'ਮੁਹੱਬਤ ਦੇ ਸਿਰਨਾਵੇਂ' 'ਤੇ ਵਿਚਾਰ-ਚਰਚਾ

ਮਾਨਸਾ (ਆਤਮਾ ਸਿੰਘ ਪਮਾਰ)-ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਡਾ. ਲਕਸ਼ਮੀ ਨਰਾਇਣ ਭੀਖੀ ਦੀ ਪੰਦਰਵੀਂ ਕਿਤਾਬ 'ਮੁਹੱਬਤ ਦੇ ਸਿਰਨਾਵੇਂ (ਰੇਖਾ-ਚਿੱਤਰ) 'ਤੇ ਵਿਚਾਰ-ਚਰਚਾ ਦਾ ਅਯੋਜਨ ਕੀਤਾ ਗਿਆ।ਵਿਭਾਗ ਦੇ ਖੋਜ ਅਫ਼ਸਰ ਤੇ ਕਵੀ ਗੁਰਪ੍ਰੀਤ ਨੇ ਹਾਜ਼ਰੀਨ ਲੇਖਕਾਂ ਤੇ ਦਰਸ਼ਕਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਡਾ. ਭੀਖੀ ਇੱਕ ਮਿਹਨਤੀ ਲੇਖਕ ਹੈ, ਜਿਸ ਨੇ ਇਨ੍ਹਾਂ ਰੇਖਾ-ਚਿੱਤਰਾਂ ਨੂੰ ਵਿਅਕਤੀਆਂ ਦੇ ਧੁਰ ਅੰਦਰ ਉੱਤਰ ਕੇ ਇੱਕ ਵਿੱਥ ਤੋਂ ਲਿਖਿਆ ਹੈ।ਇਹ ਰੇਖਾ ਚਿੱਤਰ ਜਿੱਥੇ ਬੰਦੇ ਦੇ ਸੁਭਾਅ ਤੇ ਕਾਰਜਾਂ ਦਾ ਚਿਤਰਨ ਹੈ, ਉੱਥੇ ਉਨ੍ਹਾਂ ਦੇ ਜੀਵਨ ਦੀ ਬਾਤ ਵੀ ਪਾਉਂਦੇ ਹਨ।ਸ਼ੁਰੂ ਵਿੱਚ ਡਾ. ਲਕਸ਼ਮੀ ਨਰਾਇਣ ਭੀਖੀ ਨੇ ਆਪਣੀ ਜ਼ਿੰਦਗੀ ਦੀਆਂ ਤੰਗੀਆਂ-ਤੁਰਸ਼ੀਆਂ ਦੀ ਗੱਲ ਕਰਦਿਆਂ ਕਿਹਾ ਕਿ ਉਸ ਦਾ ਜੀਵਨ ਬੇਹੱਦ ਕਠਿਨਾਈਆਂ ਭਰਪੂਰ ਰਿਹਾ, ਪਰ ਮੈਂ ਕਦੇ ਵੀ ਹਾਰ ਨਹੀਂ ਮੰਨੀ।ਉਨ੍ਹਾਂ ਅੱਗੇ ਕਿਹਾ ਕਿ ਉਹ ਸਦਾ ਸਕਾਰਾਤਮਕ ਲੋਕਾਂ ਵੱਲ ਮੁੱਖ ਕਰਦਾ ਹੈ। ਇਸੇ ਲਈ ਹਰ ਮੁਸ਼ਕਲ ਨੂੰ ਪਾਰ ਕੀਤਾ ਹੈ।ਕਹਾਣੀਕਾਰ ਦਰਸ਼ਨ ਜੋਗਾ ਨੇ ਕਿਹਾ ਕਿ ਡਾ. ਭੀਖੀ ਦੇ ਰੇਖਾ-ਚਿੱਤਰ ਬਹੁਤ ਦਿਲਚਸਪ ਤੇ ਗਹਿਰੇ ਹਨ। ਇਹ ਸਿਰਫ ਵਿਅਕਤੀ ਦੀ ਗੱਲ ਨਾ ਹੋ ਕੇ ਸਮੇਂ ਦੀ ਬਾਤ ਵੀ ਹੁੰਦੀ ਹੈ। ਅਦਾਕਾਰ ਮਨਜੀਤ ਕੌਰ ਔਲੇਖ ਨੇ ਵਧਾਈ ਦਿੰਦਿਆਂ ਕਿਹਾ ਕਿ ਲਕਸ਼ਮੀ ਨਰਾਇਣ ਉਦੋਂ ਤੋਂ ਹੀ ਲਗਨ ਨਾਲ਼ ਕਾਰਜਸ਼ੀਲ ਹੈ, ਜਦੋਂ ਅਜੇ ਉਡਾਣ ਹੀ ਭਰੀ ਸੀ।ਪ੍ਰੋ. ਗੁਰਦੀਪ ਢਿੱਲੋਂ ਨੇ ਰੇਖਾ-ਚਿੱਤਰਾਂ ਬਾਰੇ ਗੱਲ ਕਰਦਿਆਂ ਸਮਕਾਲੀ ਸਾਹਿਤ ਅਤੇ ਸਮਾਜ ਦੀ ਚਰਚਾ ਵੀ ਕੀਤੀ।ਉਨ੍ਹਾਂ ਕਿਹਾ ਕਿ ਡਾ. ਲਕਸ਼ਮੀ ਦੀ ਇਹ ਕਿਤਾਬ ਕਈ ਪੱਖਾਂ ਤੋਂ ਮਹੱਤਵਪੂਰਨ ਹੈ।ਇਸ ਵਿਚਾਰ-ਚਰਚਾ ਵਿਚ ਐਡਵੋਕੇਟ ਬਲਵੰਤ ਭਾਟੀਆ, ਭੁਪਿੰਦਰ ਫ਼ੌਜੀ, ਬਲਵਿੰਦਰ ਧਾਲੀਵਾਲ਼, ਗੁਰਚੇਤ ਫੱਤੇਵਾਲੀਆ, ਸਤਪਾਲ ਮਿੱਠੂ, ਨਿਰੰਜਣ ਪ੍ਰੇਮੀ, ਹਰਿੰਦਰ ਮਾਨਸ਼ਾਹੀਆ, ਨਿਰੰਜਣ ਬੋਹਾ, ਗੁਲਾਬ ਸਿੰਘ, ਨਿਰਦੇਵ ਸਿੰਘ, ਬਲਜਿੰਦਰ ਸੰਗੀਲਾ, ਡਾ. ਗੁਰਮੇਲ ਕੌਰ ਜੋਸ਼ੀ, ਬਿੱਟੂ ਮਾਨਸਾ, ਹਰਦੀਪ ਸਿੱਧੂ, ਕੁਲਦੀਪ ਚੌਹਾਨ, ਕਰਮਜੀਤ ਕੌਰ ਰਿੰਪੀ, ਪਰਮਜੀਤ ਕੌਰ, ਲਖਵਿੰਦਰ ਮੂਸਾ, ਬਲਵਿੰਦਰ ਕਾਕਾ ਤੇ ਡਾ. ਦਰਸ਼ਨ ਕੌਰ ਹਾਜ਼ਰ ਸਨ।

ਲੈਫ਼ਟੀਨੈਂਟ ਆਹਲੂਵਾਲੀਆ ਦੀ ਯਾਦਗਾਰ ਪਟਿਆਲਵੀਆਂ ਨੂੰ ਸਮਰਪਤ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ 1965 ਦੀ ਭਾਰਤ-ਪਾਕਿ ਜੰਗ ਦੇ ਨਾਇਕ 7ਵੀਂ ਪੰਜਾਬ ਰੈਜੀਮੈਂਟ (ਹੁਣ 8 ਮੈਕ) ਦੇ ਜੰਗੀ ਸ਼ਹੀਦ ਲੈਫ਼ਟੀਨੈਂਟ ਕੁਲਦੀਪ ਸਿੰਘ ਆਹਲੂਵਾਲੀਆ (ਸੈਨਾ ਮੈਡਲ) (26 ਜੂਨ, 1942-18 ਸਤੰਬਰ 1965) ਦੇ ਇੱਥੇ ਐਨਆਈਐਸ ਚੌਕ ਵਿਖੇ ਸਥਾਪਤ ਕੀਤੇ ਗਏ ਬੁੱਤ ਤੇ ਸ਼ਹੀਦ ਸਮਾਰਕ ਦਾ ਉਦਘਾਟਨ ਕੀਤਾ। ਜੰਗੀ ਸ਼ਹੀਦ ਦੀ ਯਾਦਗਾਰ ਪਟਿਆਲਾ ਦੇ ਨਾਗਰਿਕਾਂ ਨੂੰ ਸਮਰਪਤ ਕਰਦੇ ਹੋਏ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਲੈਫਟੀਨੈਂਟ ਆਹਲੂਵਾਲੀਆ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਲੈਫ਼ਟੀਨੈਂਟ ਆਹਲੂਵਾਲੀਆ ਨੇ 18 ਸਤੰਬਰ 1965 ਨੂੰ ਲਾਹੌਰ ਸੈਕਟਰ ਦੇ ਇਚੋਗਿਲ ਨਹਿਰ 'ਤੇ ਦੇਸ਼ ਦੀ ਰੱਖਿਆ ਕਰਦੇ ਹੋਏ 23 ਸਾਲ ਦੀ ਛੋਟੀ ਉਮਰ ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼ਹੀਦ ਦੇਸ਼ ਦੇ ਸੱਚੇ ਨਾਇਕ ਤੇ ਸਾਡਾ ਸਰਮਾਇਆ ਹਨ ਤੇ ਅਜਿਹੇ ਮਹਾਨ ਸ਼ਹੀਦ ਦੀ ਇਸ ਯਾਦਗਾਰ ਦੀ ਸਥਾਪਨਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਕੰਮ ਕਰੇਗੀ। ਲੈਫਟੀਨੈਂਟ ਆਹਲੂਵਾਲੀਆ ਦੇ ਪਰਵਾਰਕ ਮੈਂਬਰਾਂ, ਜਸਵੰਤ ਸਿੰਘ ਆਹਲੂਵਾਲੀਆ, ਗੁਰਮੀਤ ਸਿੰਘ ਆਹਲੂਵਾਲੀਆ, ਪਰਮਜੀਤ ਸਿੰਘ ਆਹਲੂਵਾਲੀਆ, ਜ਼ਿਲ੍ਹਾ ਅਟਾਰਨੀ ਅਨਮੋਲਜੀਤ ਸਿੰਘ ਤੇ ਆਰ.ਐਸ. ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੰਮੇ ਸਮੇਂ ਤੋਂ ਉਡੀਕ ਸਮਾਪਤ ਕਰਦਿਆਂ ਉਨ੍ਹਾਂ ਦੇ ਪਰਵਾਰਕ ਮੈਂਬਰ ਦੀ ਯਾਦ ਨੂੰ ਸਦੀਵੀ ਬਣਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇਹ ਪਲ ਉਨ੍ਹਾਂ ਵਾਸਤੇ ਮਾਣ ਵਾਲੇ ਹਨ, ਜਿਸ ਕਰਕੇ ਇਸ ਮਹੱਤਵਪੂਰਨ ਪਹਿਲਕਦਮੀ ਲਈ ਉਹ ਪੰਜਾਬ ਸਰਕਾਰ ਅਤੇ ਨਗਰ ਨਿਗਮ ਦੇ ਸਦਾ ਰਿਣੀ ਰਹਿਣਗੇ।

ਥਾਣਾ ਮੁਖੀ ਨੇ ਕੀਤੀ ਪੱਤਰਕਾਰ ਭਾਈਚਾਰੇ ਨਾਲ ਮੁਲਾਕਾਤ

ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)-ਥਾਣਾ ਮੁਖੀ ਨੇ ਗੁਰੂ ਹਰਸਹਾਏ ਸਰਕਲ ਵਿੱਚ ਪ੍ਰੈਸ ਨਾਲ ਜੁੜੇ ਹੋਏ ਵੱਖ-ਵੱਖ ਅਖਬਾਰਾਂ, ਸੋਸ਼ਲ ਮੀਡੀਆ ਤੇ ਟੀਵੀ ਚੈਨਲਾਂ ਦੇ ਪੱਤਰਕਾਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ।ਇਸ ਮੀਟਿੰਗ ਦੌਰਾਨ ਥਾਣਾ ਮੁਖੀ ਜਗਦੀਪ ਸਿੰਘ ਨੇ ਸਮੂਹ ਪੱਤਰਕਾਰ ਭਾਈਚਾਰੇ ਨਾਲ ਬੈਠ ਕੇ ਹਲਕੇ ਦੀਆਂ ਸਾਰੀਆਂ ਗਤੀਵਿਧੀਆਂ ਤੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਉਹਨਾਂ ਨੇ ਗੱਲਬਾਤ ਦੌਰਾਨ ਕਿਹਾ ਕੀ ਪੁਲਿਸ ਤੇ ਪੱਤਰਕਾਰਾਂ ਦਾ ਰਿਸ਼ਤਾ ਨਹੁੰ ਮਾਸ ਦਾ ਹੁੰਦਾ ਹੈ ਤੇ ਇਕ ਦੂਜੇ ਨਾਲ ਮਿਲ ਕੇ ਚੱਲਣ ਨਾਲ ਹੀ ਲੋਕਾਂ ਨੂੰ ਅਪਰਾਧ ਤੋਂ ਨਿਜਾਤ ਮਿਲ ਸਕਦੀ ਹੈ। ਇਸ ਮੌਕੇ ਥਾਣਾ ਮੁਖੀ ਅਤੇ ਪੱਤਰਕਾਰਾਂ ਨੇ ਵਿਚਾਰ ਵਟਾਂਦਰੇ ਦੌਰਾਨ ਇਹ ਕਿਹਾ ਕਿ ਹਲਕੇ ਅੰਦਰ ਵੱਧ ਰਹੀਆਂ ਚੋਰੀਆਂ ਲੁੱਟਾਂ ਖੋਹਾਂ ਅਤੇ ਨਸ਼ੇ ਦੇ ਕਾਰੋਬਾਰ ਦੇ ਸੁਦਾਗਰਾਂ ਨੂੰ ਨੱਥ ਪਾਈ ਜਾਵੇਗੀ।ਜਿਸ 'ਤੇ ਥਾਣਾ ਮੁਖੀ ਨੇ ਕਿਹਾ ਕਿ ਜਲਦ ਹੀ ਉਹਨਾਂ ਵੱਲੋਂ ਇੱਕ ਟੀਮ ਬਣਾ ਕੇ ਵੱਖ-ਵੱਖ ਅਪਰਾਧੀਆਂ ਅਤੇ ਨਸ਼ਾ ਤਸਕਰਾਂ ਨੂੰ ਜੇਲਾਂ ਦੀਆਂ ਸਲਾਖਾਂ ਪਿੱਛੇ ਸਿੱਟਿਆ ਜਾਵੇਗਾ।ਥਾਣਾ ਮੁਖੀ ਨੇ ਇਹ ਵੀ ਕਿਹਾ ਕਿ ਹਲਕਾ ਗੁਰੂਹਰਸਹਾਏ ਅੰਦਰ ਉਨ੍ਹਾਂ ਦੀ ਨਵੀਂ ਨਿਯੁਕਤੀ ਹੋਈ ਹੈ ਪਰੰਤੂ ਹਲਕੇ ਦੀ ਹਰ ਪਹਿਲੂ ਤੇ ਉਹਨਾਂ ਦੀ ਪੈਨੀ ਨਜ਼ਰ ਹੈ।ਉਹਨਾਂ ਵੱਲੋਂ ਜਲਦ ਹੀ ਹਲਕੇ ਦੇ ਲੋਕਾਂ ਨੂੰ ਸਾਫ ਸੁਥਰਾ ਅਪਰਾਧ ਮੁਕਤ ਗੁਰੂਹਰਸਹਾਏ ਬਣਾ ਦਿੱਤਾ ਜਾਵੇਗਾ।ਇਸ ਮੌਕੇ ਮਨਦੀਪ ਸਿੰਘ ਸੋਢੀ, ਸਤਪਾਲ ਬਿੰਦ, ਦੀਪਕ ਵਧਾਵਨ, ਮੁਕੇਸ਼ ਗੁਪਤਾ, ਰਮਨ ਬਹਿਲ, ਪਵਨ ਕੰਧਾਰੀ, ਜੱਸਾ ਮੌਗਾ, ਰਾਜੂ ਚਲਾਣਾ, ਮਨੋਜ, ਸ਼ਮਿੰਦਰ ਪਾਲ ਸਿੰਘ ਸੋਢੀ , ਗੁਰਮੀਤ ਸਿੰਘ , ਰਜਿੰਦਰ ਕੰਬੋਜ਼ ਕਪਿਲ ਕੰਧਾਰੀ, ਵਿੱਕੀ ਆਵਲਾ ਆਦਿ ਹਾਜ਼ਰ ਸਨ।

ਠੇਕਾ ਮੁਲਾਜ਼ਮਾਂ ਵੱਲੋਂ ਕਿਰਤ ਮੰਤਰੀ ਦੇ ਸ਼ਹਿਰ 'ਚ ਸੂਬਾ ਪੱਧਰੀ ਰੋਸ ਰੈਲੀ ਦਾ ਐਲਾਨ

ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜੁਆਇੰਟ ਪ੍ਰੈਸ ਸਕੱਤਰ ਜਸਵੀਰ ਸਿੰਘ ਸੀਰਾ ਨੇ ਕਿਹਾ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ 15-20 ਸਾਲਾਂ ਤੋਂ ਸੇਵਾਵਾਂ ਦੇ ਰਹੇ ਆਊਟਸੋਰਸ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਪਿੱਤਰੀ ਵਿਭਾਗਾਂ 'ਚ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਸਮੇਤ 'ਮੰਗ-ਪੱਤਰ' ਵਿੱਚ ਦਰਜ ਤਮਾਮ ਮੰਗਾਂ ਲੈ ਕੇ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਦੇ ਬੇਨਰ ਹੇਠ ਪੰਜਾਬ ਸਰਕਾਰ ਦੇ ਕਿਰਤ ਮੰਤਰੀ ਦੇ ਸ਼ਹਿਰ ਖੰਨਾ ਦੀ ਅਨਾਜ ਮੰਡੀ ਵਿੱਚ 21 ਮਾਰਚ ਨੂੰ ਸੂਬਾ ਪੱਧਰੀ ਰੋਸ਼ ਰੈਲੀ ਪਰਵਾਰਾਂ-ਬੱਚਿਆ ਸਮੇਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਰੈਲੀ ਦੀ ਤਿਆਰੀ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਜ਼ਿਲ੍ਹਾ ਤੇ ਤਹਿਸੀਲ ਪੱਧਰੀ ਮੀਟਿੰਗਾਂ ਕਰਕੇ ਜਲ ਸਪਲਾਈ ਵਿਭਾਗ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਵਰਕਰਾਂ ਨੂੰ ਪਰਵਾਰਾਂ-ਬੱਚਿਆ ਸਮੇਤ ਹਿੱਸਾ ਲੈਣ ਲਈ ਲਾਮਬੰਦ ਕੀਤਾ ਜਾ ਰਿਹਾ ਹੈ।

ਸੂਬਾਈ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੂਬੇ ਦੀ ਸੱਤਾ ਵਿਚ ਆਉਣ ਤੋਂ ਪਹਿਲਾਂ ਠੇਕਾ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਆਗੂ ਜਾਣਕਾਰੀ ਦਿੰਦੇ ਹੋਏ।

ਬਣਨ ਉਪਰੰਤ ਸਾਰੇ ਸਰਕਾਰੀ ਵਿਭਾਗਾਂ ਵਿਚ ਵੱਖ-ਵੱਖ ਕੈਟਾਗਿਰੀਆਂ ਅਧੀਨ ਕੰਮ ਕਰਦੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ, ਪਰ ਤਰਾਸਦੀ ਇਹ ਹੈ ਕਿ ਵਰਤਮਾਨ ਪੰਜਾਬ ਸਰਕਾਰ ਦੇ ਸੱਤਾ ਵਿੱਚ ਆਉਣ ਵਿਚ 3 ਸਾਲ ਬੀਤ ਚੁੱਕੇ ਹਨ, ਪਰ ਹਾਲੇ ਤੱਕ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਵਾਲੀ ਮੰਗ ਦਾ ਹੱਲ ਨਹੀਂ ਹੋ ਸਕਿਆ ਹੈ।

ਉਨ੍ਹਾਂ ਮੰਗ ਕੀਤੀ ਕਿ ਸਬਾਈ ਸੇਵਾ ਦੀ ਲੋੜ ਦੇ ਅਧਾਰ 'ਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪੱਕੇ ਰੁਜ਼ਗਾਰ ਦੀ ਗਾਰੰਟੀ ਕੀਤੀ ਜਾਵੇ। ਇਸੇ ਅਧਾਰ 'ਤੇ ਸਰਕਾਰੀ ਵਿਭਾਗਾਂ ਵਿੱਚ ਤੈਨਾਤ ਇਨਲਿਸਟਮੈਂਟ ਤੇ

1-March-11-Page-Majha-25.qxd 2/28/2025 10:55 PM Page 1

ਨਸ਼ੇ ਦੀ ਤਸਕਰੀ 'ਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ : ਧਾਲੀਵਾਲ

ਅੰਮ੍ਰਿਤਸਰ (ਜਗਦੀਸ਼ ਕਮਲੇਸ਼)—ਪੰਜਾਬ ਵਿੱਚ ਪੁਲਿਸ ਵੱਲੋਂ ਨਸ਼ੇ ਦੇ ਵਪਾਰੀਆਂ ਵਿਰੁੱਧ ਸ਼ੁਰੂ ਕੀਤੀ ਗਈ ਬੁਲਡੋਜ਼ਰ ਮੁਹਿੰਮ ਉੱਤੇ ਬੋਲਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦੇ ਕਿਹਾ ਕਿ ਜੋ ਵੀ ਵਿਅਕਤੀ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਲਈ ਦੋਸ਼ੀ ਪਾਇਆ ਗਿਆ, ਉਸ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਅਜਨਾਲਾ ਵਿਖੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਅਤੇ ਮਸਲੇ ਹੱਲ ਕਰਨ ਲਈ ਪਹੁੰਚੇ ਧਾਲੀਵਾਲ ਨੇ ਅਜਨਾਲਾ ਅਤੇ ਰਾਜਾਸਾਂਸੀ ਹਲਕੇ ਦੇ ਨਸ਼ਾ ਸੌਦਾਗਰਾਂ ਨੂੰ ਵੀ ਚੌਕਸ ਕਰਦੇ ਕਿਹਾ ਕਿ ਉਹ ਇਸ ਭੈੜੇ ਕੰਮ ਤੋਂ ਹਟ ਜਾਣ ਤਾਂ ਚੰਗਾ ਹੈ ਨਹੀਂ ਤਾਂ ਬੁਲਡੋਜ਼ਰ ਇੱਥੇ ਵੀ ਚੱਲਣਗੇ ।ਕੈਬਨਿਟ ਮੰਤਰੀ ਨੇ ਦੱਸਿਆ ਕਿ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੰਡੀਗੜ੍ਹ ਵਿਖੇ ਪੰਜਾਬ ਦੇ ਪੁਲਸ ਅਧਿਕਾਰੀਆਂ ਅਤੇ ਡਿਪਟੀ ਕਮਿਸ਼ਨਰ ਨਾਲ ਇਸੇ ਵਿਸ਼ੇ ਉੱਤੇ ਹੀ ਵਿਸ਼ੇਸ਼ ਮੀਟਿੰਗ ਕਰ ਰਹੇ ਹਨ, ਜਿਸ ਵਿੱਚ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਜੋ ਵੀ ਵਿਅਕਤੀ ਨਸ਼ੇ ਦਾ ਕਾਰੋਬਾਰ ਕਰਦਾ ਹੈ, ਚਾਹੇ ਉਹ ਕਿਸੇ ਵੀ ਪਾਰਟੀ ਦਾ ਹੋਵੇ, ਕਿੰਨੀ ਵੀ ਪਹੁੰਚ ਰੱਖਦਾ ਹੋਵੇ, ਉਸ ਵਿਰੁੱਧ ਸਖਤ ਕਾਰਵਾਈ ਕਰ ਦਿੱਤੀ ਜਾਵੇ। ਉਹਨਾਂ ਕਿਹਾ ਕਿ ਇਹ ਲੋਕ ਜੋ ਆਪਣੇ ਨਿੱਜੀ ਫਾਇਦੇ ਲਈ ਪੰਜਾਬ ਦੀ ਜਵਾਨੀ ਦਾ ਘਾਣ ਕਰ ਰਹੇ ਹਨ, ਇਹ ਕਿਸੇ ਦੇ ਵੀ ਸਕੇ ਨਹੀਂ। ਉਹਨਾਂ ਕਿਹਾ ਕਿ ਹੁਣ ਮੁੱਖ ਮੰਤਰੀ ਮਾਨ ਨੇ ਇਹ ਕਮਾਂਡ ਆਪਣੇ ਹੱਥ ਲੈ ਲਈ ਹੈ ਅਤੇ ਜੋ ਵੀ ਵਿਅਕਤੀ ਇਸ ਕੰਮ ਵਿੱਚ ਸ਼ਾਮਲ ਪਾਇਆ ਗਿਆ ਉਸ ਦਾ ਅੰਤ ਮਾੜਾ ਹੋਵੇਗਾ। ਭ੍ਰਿਸ਼ਟਾਚਾਰ ਬਾਰੇ ਪੁੱਛੇ ਜਾਣ ਉੱਤੇ ਵੀ ਧਾਲੀਵਾਲ ਨੇ ਕਿਹਾ ਕਿ ਸਾਡੀ ਸਰਕਾਰ ਭਰਿਸ਼ਟਾਚਾਰ ਪ੍ਰਤੀ ਜ਼ੀਰੋ ਟੋਲਰੈਂਸ ਦੀ ਨੀਤੀ ਉੱਤੇ ਚੱਲ ਰਹੀ ਹੈ। ਹਾਲ ਹੀ ਵਿੱਚ ਡਿਪਟੀ ਕਮਿਸ਼ਨਰ ਅਤੇ ਹੋਰ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ ਅਤੇ ਭਵਿੱਖ ਵਿੱਚ ਵੀ ਜੋ ਵੀ ਵਿਅਕਤੀ ਦੋਸ਼ੀ ਪਾਇਆ ਗਿਆ, ਉਸ ਵਿਰੁੱਧ ਕਾਰਵਾਈ ਯਕੀਨੀ ਹੋਵੇਗੀ।

ਰੁਜ਼ਗਾਰ ਤੇ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਲਈ ਡੀ ਸੀ ਦਫਤਰ ਅੱਗੇ ਬਨੇਗਾ ਐਕਸ਼ਨ ਡੇਅ ਪ੍ਰਦਰਸ਼ਨ

ਝਬਾਲ (ਹਰਜਿੰਦਰ ਸਿੰਘ ਸੋਨੀ)-ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਅਤੇ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਲਾਗੂ ਕਰਵਾਉਣ ਲਈ ਹਰ ਮਹੀਨੇ ਦੇ ਚੌਥੇ ਸ਼ੁੱਕਰਵਾਰ ਪੰਜਾਬ ਸਮੂਹ ਡੀ ਸੀ ਦਫਤਰਾਂ ਅਤੇ ਐਸ ਡੀ ਐਮ ਦਫਤਰਾਂ 'ਬਨੇਗਾ ਐਕਸ਼ਨ ਡੇਅ' ਮਨਾਉਣ ਦੇ ਫੈਸਲੇ ਮੁਤਾਬਕ ਅੱਜ ਇਥੇ ਐਸ ਡੀ ਐਮ ਦਫਤਰ ਵਿਖੇ ਨੌਜਵਾਨਾਂ ਵੱਲੋਂ ਬਨੇਗਾ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਵਿਸ਼ਾਲ ਦੀਪ ਵਲਟੋਹਾ ਅਤੇ ਪ੍ਰਧਾਨ ਰਸਾਲ ਸਿੰਘ ਨੇ ਕੀਤੀ। ਇਸ ਮੌਕੇ ਵੱਖ ਵੱਖ ਪਿੰਡਾਂ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਏਥੇ ਰੁਜ਼ਗਾਰ ਨਾ ਹੋਣ ਕਾਰਨ ਵਿਦੇਸ਼ਾਂ ਵੱਲ ਜਾਂ ਰਹੀ ਹੈ, ਪੰਜਾਬ ਵਿਚ ਘਰਾਂ ਦੇ ਘਰ ਖਾਲੀ ਹੋ ਰਹੇ ਹਨ ਤਾਂ ਸਮੇਂ ਲੋੜ ਬਣ ਜਾਂਦੀ ਹੈ ਕਿ ਉਨ੍ਹਾਂ ਨੌਜਵਾਨਾਂ/ਵਿਦਿਆਰਥੀਆਂ ਜਿਨ੍ਹਾਂ ਨੂੰ ਕੋਈ ਰਾਸਤਾ ਦਿਖਾਈ ਨਹੀਂ ਦੇ ਰਿਹਾ ਅਤੇ ਨਾ ਹੀ ਸਮੇਂ ਦੀਆਂ ਸਰਕਾਰਾਂ ਉਹਨਾਂ ਦੀ ਯੋਗਤਾ ਦਾ ਮੁੱਲ ਪਾ ਰਹੀਆਂ ਹਨ, ਨੂੰ ਸਹੀ ਸੇਧ ਦੇਣ ਲਈ ਲਾਮਬੰਦ ਕੀਤਾ ਜਾਵੇ।ਕਰੋੜਾਂ ਰੁਪਈਆ ਖਰਚ ਕੇ ਵੀ ਅੱਜ ਸਾਡੇ ਘਰਾਂ ਵਿੱਚ ਖੁਸ਼ੀਆਂ ਨਹੀ ਆ ਰਹੀਆਂ।ਇਹਨਾਂ ਖੁਸ਼ੀਆਂ ਦੀ ਗਰੰਟੀ ਹਰ ਹੱਥ ਨੂੰ ਕੰਮ ਦਿੱਤੇ ਬਿਨਾਂ ਨਹੀਂ ਹੋ ਸਕਦੀ।ਉਹਨਾਂ ਕਿਹਾ ਕਿ ਦੋਵੇਂ ਜਥੇਬੰਦੀਆਂ ਪਿਛਲੇ ਲੰਮੇ ਸਮੇਂ ਤੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇ ਲਈ ਕੰਮ ਕਰ ਰਹੀਆਂ ਹਨ।ਇਹ ਕਾਨੂੰਨ ਹਰ 18-58 ਸਾਲ ਦੇ ਮਰਦ-ਇਸਤਰੀ ਨੂੰ, ਹਰ ਹੱਥ ਨੂੰ ਉਸ ਦੀ ਯੋਗਤਾ ਅਨੁਸਾਰ ਕੰਮ ਅਤੇ ਅਨੁਸਾਰ ਤਨਖਾਹ ਦੀ ਗਰੰਟੀ ਕਰੇਗਾ।ਇਹ ਲਹਿਰ ਦੇਸ਼ ਪੱਧਰ 'ਤੇ ਸਰਗਰਮ ਰੂਪ 'ਚ ਕੰਮ ਕਰ ਰਹੀ ਹੈ। ਜ਼ਰੂਰਤ ਹੈ ਇਸ ਨੂੰ ਹਰ ਘਰ ਤੱਕ ਲੈ ਕੇ ਜਾਇਆ ਜਾਵੇ।ਦੇਸ਼ ਦਾ ਹਰ ਨੌਜਵਾਨ ਇਸਦਾ ਹਿੱਸਾ ਬਣੇ ਤੇ ਅਸੀਂ ਹਰ ਇਕ ਲਈ ਯੋਗਤਾ ਅਨੁਸਾਰ ਕੰਮ ਦੀ ਗਰੰਟੀ ਦਾ ਇਹ ਕਾਨੂੰਨ ਜਿੱਤ ਸਕੀਏ।ਉਹਨਾਂ ਨੌਜਵਾਨਾਂ /ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਓ ਇਸ ਲਹਿਰ ਦਾ ਹਿੱਸਾ ਬਣੀਏ।ਪਿੰਡਾਂ ਵਿੱਚ ਇਸ ਤਰ੍ਹਾਂ ਦੇ ਪ੍ਰੋਗਰਾਮ, ਟਰੇਨਿੰਗ ਕੈਂਪ ਜੱਥੇਬੰਦੀਆਂ ਵੱਲੋਂ ਲਗਾਤਾਰ ਹੋ ਰਹੇ ਹਨ ਉਹ ਇਹਨਾਂ ਦਾ ਹਿੱਸਾ ਬਣ ਸਿੱਖਣ ਤੇ ਆਗੂ ਬਣਨ।ਸਰਵ ਭਾਰਤ ਨੌਜਵਾਨ ਸਭਾ ਦੇ ਸਾਥਕਾ ਆਗੂ ਬਲਜੀਤ ਫਤਿਹਾਬਾਦ ਅਤੇ ਦਵਿੰਦਰ ਸੋਹਲ ਸੰਬੋਧਨ ਹੁੰਦਿਆਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਸਰਬ ਭਾਰਤ ਨੌਜਵਾਨ ਸਭਾ ਨੌਜਵਾਨਾਂ ਦੇ ਹੱਕਾਂ ਲਈ ਲੜਨ ਵਾਲੀ ਜਥੇਬੰਦੀ ਹੈ। ਇਸ ਵਕਤ ਨੌਜਵਾਨਾਂ ਦੀ ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਦੀ ਹੈ, ਜਿਸ ਨੂੰ ਖਤਮ ਕਰਨ ਲਈ ਬਨੇਗਾ ਨਾਂ ਦਾ ਕਾਨੂੰਨ ਬਣਾਉਣਾ ਅਤੀ ਜ਼ਰੂਰੀ ਹੈ ।

ਇਸ ਮੌਕੇ ਹੋਰਨਾ ਤੋਂ ਇਲਾਵਾ ਪਾਲ ਸਿੰਘ ਭਿੱਖੀਵਿੰਡ, ਸੁਖਦੇਵ ਸਿੰਘ ਕਾਲਾ ਭਿੱਖੀਪਿੰਡ, ਗੁਰਪ੍ਰਤਾਪ ਸਿੰਘ, ਗੁਰਲਾਲ ਸਿੰਘ, ਗੁਰਬੀਰ ਸਿੰਘ ਵਲਟੋਹਾ, ਮਰੋਜ ਸਿੰਘ ਰਾਜੋਕੀ, ਪ੍ਰਭਜੀਤ ਸਿੰਘ ਵਲਟੋਹਾ, ਧਰਮਵੀਰ ਫਤਿਹਾਬਾਦ,ਗੁਰੂ ਸਾਹਿਬ ਸਿੰਘ, ਦਵਿੰਦਰ ਸਿੰਘ, ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।

ਕਿਸਾਨਾਂ ਦੀ ਹੋਈ ਵੱਡੀ ਜਿੱਤ, ਮੋਰਚਾ ਸਮਾਪਤ

ਚੋਹਲਾ ਸਾਹਿਬ/ਤਰਨ ਤਾਰਨ (ਰਮਨ ਚੱਡਾ/ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਨੂਰਦੀ, ਰੇਸ਼ਮ ਸਿੰਘ ਘੁਰਕਵਿੰਡ ਦੀ ਅਗਵਾਈ ਹੇਠ ਮੋਰਚਾ ਡੀ ਸੀ ਦਫ਼ਤਰ ਤਰਨ ਤਾਰਨ ਅੱਗੇ ਚੌਥੇ ਦਿਨ ਵਿੱਚ ਮੋਰਚੇ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸੂਬਾ ਆਗੂ ਸਤਨਾਮ ਸਿੰਘ ਪੰਨੂ, ਸੂਬਾ ਆਗੂ ਸਤਨਾਮ ਸਿੰਘ ਮਾਣੋਚਾਹਲ, ਸੂਬਾ ਹਰਜਿੰਦਰ ਸਿੰਘ ਸ਼ਕਰੀ ਨੇ ਕਿਹਾ ਕਿ ਹੱਕ ਸੱਚ ਦੀ ਲੜਾਈ ਵਿੱਚ ਕਿਸਾਨਾਂ ਦੀ ਵੱਡੀ ਜਿੱਤ ਹੋਈ। ਉਹਨਾਂ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਸਾਨੂੰ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣਨ ਦਾ ਪਰਮਾਤਮਾ ਨੇ ਮੌਕਾ ਦਿੱਤਾ। ਮੋਰਚੇ ਵਿੱਚ ਆ ਕੇ ਜ਼ਿਲ੍ਹਾ ਐਸ ਪੀ ਹੈਡਕੁਆਰਟਰ ਅਤੇ ਜ਼ਿਲ੍ਹਾ ਐਸ ਡੀ ਐਮ ਨੇ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਚੌਕ ਦੇ ਰੂਪ ਵਿੱਚ ਦਿੱਤਾ ।ਸ਼ੰਭੂ ਬਾਰਡਰ 'ਤੇ ਜਾਂਦੇ ਸੜਕ ਹਾਦਸੇ ਵਿੱਚ ਜ਼ਖਮੀ ਹੋਏ ਕਿਸਾਨਾਂ ਨੂੰ ਹਸਪਤਾਲ ਦਾ ਖਰਚ ਦਿੱਤਾ। ਪਾਣੀ ਦੀ ਨਿਕਾਸੀ ਦਾ ਕੰਮ ਸ਼ੁਰੂ ਕਰਵਾ ਦਿੱਤਾ।ਚੁਤਾਲੇ ਰੋਡ ਦਾ ਮਸਲਾ ਅਤੇ ਬਾਕੀ ਮਸਲੇ ਜਲਦ ਹੱਲ ਕਰਨ ਦਾ ਭਰੋਸਾ ਦਿਵਾਇਆ। ਪ੍ਰਦੂਸ਼ਣ ਐਕਟ ਦੁਆਰਾ ਹੋਏ ਕਿਸਾਨਾਂ 'ਤੇ ਪਰਚਿਆਂ ਦੇ ਮਸਲਿਆਂ ਨੂੰ ਵੀ ਸਰਕਾਰ ਦੇ ਉੱਚ ਅਧਿਕਾਰੀਆਂ ਨਾਲ ਗੱਲ ਕਰਕੇ ਰੱਦ ਕਰਨ ਦਾ ਵਿਸ਼ਵਾਸ ਦਿਵਾਇਆ।ਮੰਤਰੀਆਂ ਨਾਲ ਮੀਟਿੰਗ ਕਰਵਾਉਣ ਦਾ ਵੀ ਵਿਸ਼ਵਾਸ ਦਿਵਾਇਆ। ਜ਼ਿਲ੍ਹਾ ਸੰਗਠਨ ਸਕੱਤਰ ਹਰਬਿੰਦਰਜੀਤ ਸਿੰਘ ਕੰਗ, ਰਣਯੋਧ ਸਿੰਘ ਗੱਗੋਬੂਆ ਨੇ ਹੱਕ ਸੱਚ ਦੀ ਲੜਾਈ ਵਿੱਚ ਕਿਸਾਨਾਂ, ਮਜ਼ਦੂਰਾਂ, ਬੀਬੀਆਂ, ਨੌਜਵਾਨਾਂ ਨੂੰ ਸ਼ਾਮਲ ਹੋਣ ਕਰਕੇ ਉਹਨਾਂ ਦਾ ਧੰਨਵਾਦ ਕੀਤਾ ਅਤੇ ਮੋਰਚੇ ਨੂੰ ਸਮਾਪਤ ਕੀਤਾ। ਇਸ ਮੌਕੇ ਬਲਜੀਤ ਸਿੰਘ ਝਬਾਲ, ਪਰਮਜੀਤ ਸਿੰਘ ਛੀਨਾ, ਸਲਵਿੰਦਰ ਸਿੰਘ ਡਾਲੇਕੇ, ਸਲਵਿੰਦਰ ਸਿੰਘ ਜੀਉਬਾਲਾ , ਮਨਜਿੰਦਰ ਸਿੰਘ ਗੋਹਲਵੜ, ਇਕਬਾਲ ਸਿੰਘ ਵੜਿੰਗ, ਮੁਖਤਾਰ ਸਿੰਘ ਬਿਹਾਰੀਪੁਰ, ਸੁਖਚੈਨ ਸਿੰਘ ਅੱਲੋਵਾਲ, ਗਿਆਨ ਸਿੰਘ ਚੋਹਲਾ ਖੁਰਦ, ਨਿਸ਼ਾਨ ਸਿੰਘ ਘੁਵਾੜਕਾ, ਦਿਲਬਾਗ ਸਿੰਘ ਪਹੁਵਿੰਡ, ਕੁਲਵੰਤ ਸਿੰਘ ਢੋਟੀਆਂ, ਆਦਿ ਆਗੂ ਹਾਜ਼ਰ ਸਨ।

ਸ਼੍ਰੋਮਣੀ ਭਗਤ ਨਾਮਦੇਵ ਮਾਰਕੀਟ ਲੋਹੀਆਂ ਖਾਸ ਤੇ ਮੁਹੱਲਾ ਵਾਸੀਆਂ ਵੱਲੋਂ ਸ਼ਿਵਰਾਤਰੀ ਮੌਕੇ 27ਵੀਂ ਵਿਸ਼ਾਲ ਸ਼ੋਭਾ ਯਾਤਰਾ 'ਤੇ ਲੰਗਰ ਸੰਗਤਾਂ ਨੂੰ ਵਰਤਾਉਂਦੇ ਹੋਏ ਸ਼ਿਵ ਭਗਤ। (ਤਸਵੀਰ ਤੇ ਵੇਰਵਾ : ਯੋਗੇਸ਼ਵਰ, ਰੀਨਾ ਸ਼ਰਮਾ)

ਸ੍ਰੀ ਚੋਲਾ ਸਾਹਿਬ ਦੇ ਮੇਲੇ ਨੂੰ ਸਮਰਪਤ ਖੂਨਦਾਨ ਕੈਂਪ 'ਚ 45 ਲੋਕਾਂ ਨੇ ਕੀਤਾ ਖੂਨਦਾਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸ਼੍ਰੀ ਚੋਲਾ ਸਾਹਿਬ (ਸੰਗ) ਦੇ ਮੇਲੇ ਨੂੰ ਸਮਰਪਿਤ ਭੇਣ ਨਿਰਮਲਾ ਦੇਵੀ ਬੈਂਕ ਵਾਲਿਆਂ ਦੀ ਯਾਦ ਵਿੱਚ ਨੌਜਵਾਨ ਸੇਵਕ ਜਥਾ ਅਤੇ ਸਮੂਹ ਸੰਗਤ ਕਾਦੀਆਂ ਵੱਲੋਂ ਮਹੱਲਾ ਅਕਾਲਗੜ੍ਹ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 45 ਲੋਕਾਂ ਨੇ ਖੂਨਦਾਨ ਕੀਤਾ।ਇਸ ਮੌਕੇ ਡਾਕਟਰਾਂ ਦੀ ਟੀਮ ਵਿੱਚ ਸਿਵਲ ਹਸਪਤਾਲ ਬਟਾਲਾ ਤੋਂ ਬਲੱਡ ਬੈਂਕ ਦੇ ਇੰਚਾਰਜ ਡਾਕਟਰ ਮੈਡਮ ਪ੍ਰਿਆਗੀਤ ਵਿਸ਼ੇਸ਼ ਤੌਰ ਤੇ ਪਹੁੰਚੇ ।ਇਸ ਖੂਨਦਾਨ ਕੈਂਪ ਵਿੱਚ ਖੂਨਦਾਨ ਕਰਨ ਵਾਲੇ ਲੋਕਾਂ ਨੂੰ ਨੌਜਵਾਨ ਸੇਵਕ ਜਥੇ ਦੇ ਪ੍ਰਬੰਧਕਾਂ ਤੇ ਸੇਵਾਦਾਰਾਂ ਦੇ ਵੱਲੋਂ ਸਰਟੀਫਿਕੇਟ ਦੇ ਕੇ ਉਨਾਂ ਦਾ ਮਾਣ ਵਧਾਇਆ ਗਿਆ। ਨਾਲ ਹੀ ਜਥੇ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਸਮੇਤ ਡਾਕਟਰ ਸਾਹਿਬਾਨ ਅਤੇ ਪੱਤਰਕਾਰ ਭਾਈਚਾਰੇ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਨੌਜਵਾਨ ਸੇਵਕ ਜਥੇ ਦੇ ਪ੍ਰਬੰਧਕਾਂ ਤੇ ਸੇਵਾਦਾਰਾਂ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ਼੍ਰੀ ਚੋਲਾ ਸਾਹਿਬ ਦੇ ਮੇਲੇ ਨੂੰ ਸਮਰਪਿਤ ਤਿੰਨ ਰੋਜ਼ਾ ਗੁਰੂ ਜੀ ਦੇ ਨਾਂ ਦੇ ਅਤੁੱਟ ਲੰਗਰ ਲਗਾਏ ਜਾਂਦੇ ਹਨ ਜੋ ਕਿ ਦਿਨ ਰਾਤ ਚੱਲਦੇ ਹਨ।ਇਸ ਮੌਕੇ ਨੌਜਵਾਨ ਸੇਵਕ ਜਥੇ ਦੇ ਸਮੂਹ ਪ੍ਰਬੰਧਕਾਂ ਨੇ ਕਿਹਾ ਕਿ ਸਾਨੂੰ ਹਮੇਸ਼ਾ ਹੀ ਮਿਲਵਰਤ ਕੇ ਰਹਿਣਾ ਚਾਹੀਦਾ ਅਤੇ ਅਜਿਹੇ ਖੂਨਦਾਨ ਕੈਂਪਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਅਤੇ ਵੱਧ ਤੋਂ ਵੱਧ ਖੂਨਦਾਨ ਕਰਨਾ ਚਾਹੀਦਾ ਕਿਉਂਕਿ ਖੂਨਦਾਨ ਕਰਨਾ ਹੀ ਇੱਕ ਸਭ ਤੋਂ ਵੱਡਾ ਦਾਨ ਹੈ ਜਿਸ ਨਾਲ ਕਿ ਅਸੀਂ ਕਈ ਕੀਮਤੀ ਜਾਨਾਂ ਨੂੰ ਬਚਾ ਸਕਦੇ ਹਾਂ।ਇਸ ਮੌਕੇ ਡਾਕਟਰ ਬਲਚਰਨਜੀਤ ਸਿੰਘ ਭਾਟੀਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਸੇਵਾਦਾਰ ਅਵਤਾਰ ਸਿੰਘ, ਬਿਕਰਮਜੀਤ ਸਿੰਘ ਹੈਪੀ, ਗੁਰਜੀਤ ਸਿੰਘ ਡਿੰਪਲ, ਸੁਖਪਾਲ ਸਿੰਘ ਬਿੰਟਾ, ਸੁਖਵਿੰਦਰ ਸਿੰਘ, ਡਾਕਟਰ ਬਲਚਰਨਜੀਤ ਸਿੰਘ ਭਾਟੀਆ ਹਸਪਤਾਲ ਵਾਲੇ , ਭਾਈ ਜਗਜੀਤ ਸਿੰਘ ਕਾਦੀਆਂ ਵਾਲੇ, ਬਲਜੀਤ ਸਿੰਘ ਗੁਲਸ਼ਨ, ਡਾਕਟਰ ਬਲਵਿੰਦਰ ਸਿੰਘ, ਡਾਕਟਰ ਰਜੇਸ਼ ਕਾਲੀਆ, ਅੰਤਰਪ੍ਰੀਤ ਸਿੰਘ ਭਾਟੀਆ, ਮਿਲਣ ਸਿੰਘ ਮਿੱਲਾ, ਪ੍ਰੀਤਮ ਸਿੰਘ ਭਾਟੀਆ, ਪਰਮਿੰਦਰ ਸਿੰਘ ਪ੍ਰਿੰਸ, ਦੇਸ ਰਾਜ, ਰਜਿੰਦਰ ਸਿੰਘ ਭਿੰਡਰ, ਅੰਮ੍ਰਿਤਪਾਲ ਸਿੰਘ ਭਿੰਡਰ, ਸੁਰਿੰਦਰ ਸਿੰਘ ਲਾਡੀ, ਗੁਰਮੁੱਖ ਸਿੰਘ, ਸੰਦੀਪ ਕੁਮਾਰ ਸੀਟਾ, ਸਤਪਾਲ ਭਾਟੀਆ, ਮਨਜੋਤ ਸਿੰਘ ਮੱਖਣ, ਗੁਰਮੀਤ ਸਿੰਘ ਸੀਟਾ, ਜਾਨੂ ਮਹਾਜਨ, ਅੰਮ੍ਰਿਤ, ਕੈਪਟਨ, ਸਿਮਰਨ ਸਿੰਘ, ਪੁਸ਼ਪਦੀਪ ਸਿੰਘ, ਗੁਰਸਿਮਰਨ ਸਿੰਘ, ਗੁਰਮੁਖ ਸਿੰਘ, ਕੁਲਦੀਪ ਸਿੰਘ ਬੌਬੀ, ਏਕਮਜੋਤ ਸਿੰਘ, ਕੁਲਵਿੰਦਰ ਸਿੰਘ ਘੁੱਲਾ ਹਾਜ਼ਰ ਸਨ।

ਗਰੀਬ ਪਰਵਾਰਾਂ ਦੀਆਂ ਲੜਕੀਆਂ ਦੇ ਅਨੰਦ ਕਾਰਜ ਕਰਵਾਏ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਹਲਕਾ ਜੰਡਿਆਲਾ ਗੁਰੂ ਦੇ ਅਧੀਨ ਆਂਉਦੇ ਪਿੰਡ ਗੁਨੋਵਾਲ਼ ਵਿੱਚ ਮਨ ਨੀਵਾਂ ਮਤ ਉਚੀ ਸੇਵਾ ਸੁਸਾਇਟੀ ਵੱਲੋਂ ਪਿੰਡ ਦੇ ਗੁਰਦੁਆਰੇ ਵਿੱਚ ਗਰੀਬ ਲੜਕੀਆ ਦੇ ਵਿਆਹ ਕੀਤੇ ਗਏ ਜਿਸ ਨਾਲ ਵਿਆਹੇ ਹੋਏ ਜੋੜਿਆਂ ਨੂੰ ਸੇਵਾ ਸੁਸਾਇਟੀ ਵਲੋਂ ਘਰ ਵਿੱਚ ਵਰਤੋਂ ਵਾਲਾ ਘਰੇਲੂ ਸਮਾਨ ਜਿਵੇਂ ਕਿ ਬੈਂਡ, ਭਾਂਡੇ, ਪੱਖੇ, ਕੁਰਸੀਆਂ, ਮੇਜ਼ ਆਦਿ ਸਾਮਾਨ ਦਿੱਤਾ ਗਿਆ ਜਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਗਿਆ ਕਿ ਮਨ ਨੀਵਾਂ ਮਤ ਉਚੀ ਸੇਵਾ ਸੁਸਾਇਟੀ ਵੱਲੋਂ ਤੇ ਗੁਨੋਵਾਲ ਵਾਸੀਆਂ ਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਦੋ ਲੜਕੀਆਂ ਦ

1 Mar Page-12.qxd 2/28/2025 10:56 PM Page 1

ਸੂਬੇ 'ਚ ਪਿਛਲੇ ਤਿੰਨ ਸਾਲਾਂ ਦੌਰਾਨ ਲਾਮਿਸਾਲ ਵਿਕਾਸ ਹੋਇਆ : ਰੌੜੀ

ਹੁਸ਼ਿਆਰਪੁਰ, (ਓ ਪੀ ਰਾਣਾ) ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੇ ਅਰਸੇ ਦੌਰਾਨ ਸੂਬੇ ਵਿਚ ਅਥਾਹ ਤਰੱਕੀ ਹੋਈ ਹੈ ਭਾਵੇਂ ਉਹ ਸਿੱਖਿਆ, ਸਿਹਤ, ਉਦਯੋਗ, ਨਿਵੇਸ਼, ਖੇਡਾਂ ਅਤੇ ਰੋਜ਼ਗਾਰ ਦਾ ਖੇਤਰ ਹੋਵੇ।ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਪਿੰਡ ਗੋਗੋ ਮਹਿਤਾਬਪੁਰ ਵਿਖੇ ਮਾਰਕੀਟ ਕਮੇਟੀ ਦੇ ਨਵੇਂ ਚੇਅਰਮੈਨ ਬਲਦੀਪ ਸਿੰਘ ਸੈਣੀ ਦੀ ਨਿਯੁਕਤੀ ਸਬੰਧੀ ਰੱਖੇ ਸਮਾਗਮ ਵਿਚ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਨੇ ਵੱਖ-ਵੱਖ ਖੇਤਰਾਂ ਅੰਦਰ ਤਰੱਕੀ ਦੇ ਨਵੇਂ ਮੀਲ ਪੱਥਰ ਸਥਾਪਿਤ ਕੀਤੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿਚ ਪੰਜਾਬ ਅੰਦਰ ਨਵੀਂ ਕ੍ਰਾਂਤੀ ਆਈ ਹੈ ਜਿਸ ਤਹਿਤ ਸਕੂਲ ਆਫ਼ ਐਮੀਨੈਂਸ ਅਤੇ ਸਕੂਲ ਹੈਪੀਨੈਸ ਦੀ ਸਥਾਪਤੀ ਕੀਤੀ ਜਾ ਰਹੀ ਹੈ। ਜ਼ਿਲ੍ਹੇ ਵਿਚ 73 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਹਨ ਜਿਥੇ ਲੋਕਾਂ ਨੂੰ ਵਧੀਆ ਢੰਗ ਨਾਲ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਪਿਛਲੇ ਮਹੀਨੇ ਤੱਕ ਜ਼ਿਲ੍ਹੇ ਵਿਚ ਰੋਜ਼ਗਾਰ ਬਿਊਰੋ ਵਲੋਂ 2086 ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਗਏ। ਉਨ੍ਹਾਂ ਨੇ ਚੇਅਰਮੈਨ ਬਲਦੀਪ ਸਿੰਘ ਸੈਣੀ ਨੂੰ ਅਹੁਦੇ ਦੀਆਂ ਮੁਬਾਰਕਾਂ ਦਿੰਦਿਆਂ ਕਾਮਨਾ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਸਮਰਪਣ ਭਾਵਨਾ ਅਤੇ ਮਿਹਨਤ ਨਾਲ ਨਿਭਾਉਣਗੇ। ਬਲਦੀਪ ਸਿੰਘ ਸੈਣੀ ਨੇ ਉਨ੍ਹਾਂ ਨੂੰ ਜ਼ਿੰਮੇਵਾਰੀ ਦੇਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੂਰੀ ਸ਼ਿਦਤ ਨਾਲ ਸੇਵਾ ਕਰਨਗੇ। ਇਸ ਮੌਕੇ ਦੋਵਾਂ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਸਮਾਰੋਹ ਵਿਚ ਜਿੱਥੇ ਹਲਕਾ ਗੜ੍ਹਸ਼ੰਕਰ ਦੇ ਸਮੂਹ ਸਰਪੰਚ ਅਤੇ ਪੰਚ, ਬਲਾਕ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੋਂ ਇਲਾਵਾ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਨਗਰ ਕੌਂਸਲ ਦੇ ਪ੍ਰਧਾਨ ਤਰਿੰਬਕ ਦੱਤ ਐਰੀ, ਨਗਰ ਪੰਚਾਇਤ ਦੇ ਪ੍ਰਧਾਨ ਦਵਿੰਦਰ ਸਿੰਘ, ਮੀਤ ਪ੍ਰਧਾਨ ਸ਼ਸ਼ੀ ਬਾਂਗੜ, ਹਰਿੰਦਰ ਮਾਨ, ਚਰਨਜੀਤ ਸਿੰਘ ਚੰਨੀ, ਪ੍ਰਿੰਸ ਚੌਧਰੀ, ਕ੍ਰਿਪਾਲ ਸਿੰਘ, ਸੁਮਿਤ ਸੋਨੀ, ਧਰਮ ਸਿੰਘ ਫੌਜੀ ਆਦਿ ਵੀ ਮੌਜੂਦ ਸਨ।

ਐੱਨ.ਓ.ਸੀ. ਤੋਂ ਬਿਨਾਂ ਪਲਾਟਾਂ ਦੀ ਰਜਿਸਟ੍ਰੇਸ਼ਨ ਦੀ ਆਖ਼ਰੀ ਤਰੀਕ 31 ਅਗਸਤ ਤੱਕ ਵਧਾਈ

ਚੰਡੀਗੜ੍ਹ, (ਗੁਰਜੀਤ ਬਿੱਲਾ)— ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਐਨ.ਓ.ਸੀ. ਤੋਂ ਬਿਨਾਂ ਪਲਾਟਾਂ ਦੀ ਰਜਿਸਟ੍ਰੇਸ਼ਨ ਦੀ ਦਿੱਤੀ ਸਹੂਲਤ ਦੀ ਆਖ਼ਰੀ ਤਰੀਕ ਨੂੰ ਵਧਾਉਂਦਿਆਂ ਹੁਣ 31 ਅਗਸਤ ਤੱਕ ਕਰਨ ਦਾ ਫੈਸਲਾ ਕੀਤਾ ਗਿਆ ਹੈ।ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਲੋਕਾਂ ਦੀ ਪੁਰਜ਼ੋਰ ਮੰਗ ਨੂੰ ਮੰਨਦਿਆਂ ਆਖ਼ਰੀ ਤਰੀਕ ਛੇ ਮਹੀਨੇ ਲਈ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ।ਇਸ ਤੋਂ ਪਹਿਲਾਂ ਸੂਬਾ ਸਰਕਾਰ ਵੱਲੋਂ ਲਏ ਗਏ ਫ਼ੈਸਲੇ ਤਹਿਤ 1 ਦਸੰਬਰ 2024 ਤੋਂ 28 ਫਰਵਰੀ 2025 ਤੱਕ ਐਨ.ਓ.ਸੀ. ਤੋਂ ਬਿਨਾਂ ਪਲਾਟਾਂ ਦੀ ਰਜਿਸਟ੍ਰੇਸ਼ਨ ਲਈ ਸਮਾਂ ਦਿੱਤਾ ਗਿਆ ਸੀ ਅਤੇ ਹੁਣ ਇਸ ਵਿੱਚ ਵਾਧਾ ਕਰਦਿਆਂ 1 ਮਾਰਚ 2025 ਤੋਂ 31 ਅਗਸਤ 2025 ਤੱਕ ਇਸ ਸਹੂਲਤ ਦਾ ਫ਼ਾਇਦਾ ਲਿਆ ਜਾ ਸਕਦਾ ਹੈ।ਇਸ ਇਤਿਹਾਸਕ ਫੈਸਲੇ ਦਾ ਉਦੇਸ਼ ਆਮ ਆਦਮੀ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ। ਕੋਈ ਵੀ ਵਿਅਕਤੀ ਜਿਸ ਨੇ ਅਣਅਧਿਕਾਰਤ ਕਲੋਨੀ ਵਿੱਚ ਸਥਿਤ ਪੰਜ ਸੌ ਵਰਗ ਗਜ਼ ਤੱਕ ਦੇ ਖੇਤਰ ਲਈ 31 ਜੁਲਾਈ, 2024 ਤੱਕ ਪਾਵਰ ਆਫ਼ ਅਟਾਰਨੀ, ਸਟੈਂਪ ਪੇਪਰ 'ਤੇ ਵੇਚਣ ਦਾ ਸਮਝੌਤਾ ਹੈ, ਨੂੰ ਜ਼ਮੀਨ ਦੀ ਰਜਿਸਟਰੀ ਲਈ ਇਤਰਾਜਹੀਣਤਾ ਸਰਟੀਫਿਕੇਟ ਦੀ ਲੋੜ ਨਹੀਂ ਹੋਵੇਗੀ।

ਪੰਚਾਇਤੀ ਰਾਜ ਪੈਨਸ਼ਨਰਜ਼ ਯੂਨੀਅਨ ਪੰਜਾਬ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ

ਐੱਸ.ਏ.ਐਸ. ਨਗਰ (ਗੁਰਜੀਤ ਬਿੱਲਾ) ਪੰਚਾਇਤੀ ਰਾਜ ਪੈਨਸ਼ਨਰਜ਼ ਯੂਨੀਅਨ ਪੰਜਾਬ ਨੇ ਆਪਣੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਨੂੰ ਪ੍ਰਵਾਨ ਕਰਾਉਣ ਲਈ ਜਥੇਬੰਦੀ ਦੀ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਕੌਰ ਬਾਠ ਅਤੇ ਮੀਤ ਪ੍ਰਧਾਨ ਲਛਮਣ ਸਿੰਘ ਗਰੇਵਾਲ ਦੀ ਸਾਂਝੀ ਅਗਵਾਈ ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਮੁੱਖ ਦਫਤਰ ਦੇ ਗੇਟ ਸਾਹਮਣੇ ਧਰਨਾ ਲਾ ਕੇ ਸਰਕਾਰ ਅਤੇ ਸਬੰਧਤ ਅਫਸਰਸ਼ਾਹੀ ਖਿਲਾਫ ਜ਼ੋਰਦਾਰ ਰੋਸ ਵਿਖਾਵਾ ਕੀਤਾ। ਮੌਸਮ ਖਰਾਬ ਹੋਣ ਦੇ ਬਾਵਜੂਦ ਵੀ ਧਰਨਾਕਾਰੀਆਂ ਨੇ ਇਸ ਰੋਸ ਵਿਖਾਵੇ ਵਿੱਚ ਸ਼ਾਮਲ ਹੋਣਾ ਜ਼ਰੂਰੀ ਸਮਝਿਆ। ਬੁਲਾਰਿਆਂ ਨੇ ਕਿਹਾ ਕਿ ਪੰਚਾਇਤ ਸਮਿਤੀਆਂ/ਜ਼ਿਲ੍ਹਾ ਪ੍ਰੀਸ਼ਦਾਂ ਦੇ ਪੈਨਸ਼ਨਰਜ਼ ਆਪਣੀਆਂ ਮੰਗਾਂ ਦੀ ਪੂਰਤੀ ਹੋਣ ਤੱਕ ਟਿਕ ਕੇ ਨਹੀਂ ਬੈਠਣਗੇ, ਸਗੋਂ ਸੰਘਰਸ਼ ਨੂੰ ਹੋਰ ਤਿੱਖਾ ਕਰਨਗੇ। ਸੁਰੱਖਿਆ ਕਰਮਚਾਰੀਆਂ ਨੇ ਜਥੇਬੰਦੀ ਦੇ ਵਫਦ ਦੀ ਮੁਲਾਕਾਤ ਵਿਭਾਗ ਦੇ ਡਾਇਰੈਕਟਰ ਨਾਲ ਉਨ੍ਹਾਂ ਦੇ ਦਫਤਰ ਵਿੱਚ ਕਰਵਾਈ, ਜੋ ਕਿ ਬਹੁਤ ਹੀ ਸੁਖਾਵੇਂ ਮਾਹੌਲ ਵਿੱਚ ਹੋਈ। ਡਾਇਰੈਕਟਰ ਸਾਹਿਬ ਨੇ ਪੈਨਸ਼ਨ ਸੈੱਲ ਇੰਚਾਰਜ ਮੈਡਮ ਪ੍ਰਨੀਤ ਕੌਰ ਨੂੰ ਸੱਦ ਕੇ ਕਿਹਾ ਕਿ ਇਨ੍ਹਾਂ ਪੈਨਸ਼ਨਰਾਂ ਦੀਆਂ ਮੰਗਾਂ ਵਿਚਾਰ ਕੇ ਵਿਸ਼ੇਸ਼ ਧਿਆਨ ਦਿਤਾ ਜਾਵੇ। ਸਿੱਟੇ ਵਜੋਂ ਮੰਗਾਂ 'ਤੇ ਪੂਰਨ ਵਿਚਾਰ ਚਰਚਾ ਕੀਤੀ ਗਈ। ਸਹਾਇਕ ਡਾਇਰੈਕਟਰ ਪ੍ਰਨੀਤ ਕੌਰ ਨੇ ਵਫਦ ਨੂੰ ਦੱਸਿਆ ਕਿ ਅਪਰੈਲ ਮਹੀਨੇ ਦੀ ਪੈਨਸ਼ਨ ਪੂਰੀ ਤਰ੍ਹਾਂ ਪੇ-ਕਮਿਸ਼ਨ ਅਨੁਸਾਰ ਸੋਧ ਕੇ ਦਿੱਤੀ ਜਾਵੇਗੀ। ਜੁਲਾਈ 21 ਤੋਂ ਮਈ 24 ਤੱਕ ਦਾ ਬਕਾਇਆ ਅਪਰੈਲ ਮਈ ਦੇ ਮਹੀਨਿਆਂ ਤੱਕ ਫੰਡ ਦੀ ਉਪਲਭਤਾ ਹੋ ਜਾਣ 'ਤੇ ਨਿਪਟਾ ਦਿੱਤਾ ਜਾਵੇਗਾ। ਬੁਢਾਪਾ ਭੱਤਾ 100 ਸਾਲਾਂ ਤੱਕ ਲਾਗੂ ਕਰਨ ਲਈ ਅਪਰੈਲ ਮਹੀਨੇ 'ਚ ਆਰਡਰ ਹੋ ਜਾਣ ਦੀ ਆਸ ਹੈ। ਪੈਨਸ਼ਨ, ਫੈਮਿਲੀ ਪੈਨਸ਼ਨ ਲਾਗੂ ਕਰਨ ਵਿੱਚ ਵੀ ਸੁਧਾਰ ਨਜਰ ਆ ਰਿਹ ਹੈ। ਫਰਵਰੀ ਮਹੀਨੇ ਦੀ ਪੈਨਨ ਅਗਲੇ ਹਫਤੇ ਤੱਥ ਪਾਉਣ ਲਈ ਬਿੱਲ ਤਿਆਰ ਕੀਤੇ ਜਾ ਰਹੇ ਹਨ।ਅੱਜ ਦੇ ਇਸ ਧਰਨੇ ਨੂੰ ਜਥੇਬੰਦੀ ਦੇ ਅਹੁਦੇਦਾਰਾਂ ਤੋਂ ਇਲਾਵਾ ਸੁਰਿੰਦਰ ਕੁਮਾਰ ਹਾਟਾ, ਸਰਬਜੀਤ ਸਿੰਘ, ਦਰਸ਼ਨ ਸਿੰਘ, ਭਗਵਾਨ ਸਿੰਘ, ਰਬੀ ਸਿੰਘ, ਜਗਤਾਰ ਸਿੰਘ, ਮੁਮਤਾਜ ਬੇਗਮ, ਮਹਿੰਦਰ ਕੌਰ, ਦਰਸ਼ਨਾ, ਦਰਸ਼ਨ ਕੌਰ, ਹਰਪਾਲ ਕੌਰ ਹੁਰਾਂ ਵੱਲੋਂ ਵੀ ਸੰਬੋਧਨ ਕੀਤਾ ਗਿਆ।

ਹਰਦਿਆਲ ਬੂਹੀ ਦਾ ਸਨਮਾਨ ਭਲਕੇ

ਜ਼ੀਰਾ, (ਨ ਜ਼ ਸ)- ਸਾਹਿਤ ਸਭਾ ਜ਼ੀਰਾ ਸੱਭਿਆਚਾਰਕ ਲੇਖਕ ਅਤੇ ਬਾਲ ਸਾਹਿਤਕਾਰ ਹਰਦਿਆਲ ਬੂਹੀ ਨੂੰ 2 ਮਾਰਚ (ਐਤਵਾਰ) ਨੂੰ ਗੁੱਜਰ ਸਿੰਘ ਗਿੱਲ ਐਵਾਰਡ ਨਾਲ ਸਨਮਾਨਤ ਕਰ ਰਹੀ ਹੈ। ਹਰਦਿਆਲ ਬੂਹੀ ਲੋਕ ਸੰਗੀਤ ਵੰਨਗੀਆਂ ਕਲੀ, ਕਵੀਸ਼ਰੀ ਤੇ ਵਾਰ ਦੀ 2006 ਤੋਂ ਲਗਾਤਾਰ ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਖਾਲਸਾ ਕਾਲਜਾਂ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਜਜਮੈਂਟ ਕਰਦੇ ਆ ਰਹੇ ਹਨ। ਉਹਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀਆਂ ਉਚੇਰੀ ਵਿਦਿਆ ਦੀਆਂ ਸੰਸਥਾਵਾਂ ਦੇ ਕਵੀਸ਼ਰੀ ਅਤੇ ਵਾਰ ਗਾਇਨ ਦੇ ਮੁਕਾਬਲਿਆਂ ਵਿੱਚ ਕਈ ਵਾਰ ਜੱਜਮੈਂਟ ਕਰਨ ਦੀਆਂ ਸੇਵਾਵਾਂ ਵੀ ਨਿਭਾਈਆਂ ਹਨ।

ਪੈਦਲ ਸੰਗ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ : ਸਰਬਜੀਤ ਮੋਮੀ

ਟਾਂਡਾ ਉੜਮੁੜ, (ਉਂਕਾਰ ਸਿੰਘ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਅਵਸਤਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਦੇ ਦਰਸ਼ਨ ਦੀਦਾਰੇ ਕਰਨ ਵਾਸਤੇ ਜਾਣ ਵਾਲੇ ਸਾਲਾਨਾ ਪੈਦਲ ਸੰਗ ਦਾ ਸਮੂਹ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜ ਸੇਵੀ ਤੇ ਯੂਥ ਆਗੂ ਪੰਚ ਸਰਬਜੀਤ ਸਿੰਘ ਮੋਮੀ ਮੈਨੇਜਰ ਜੀ ਆਰ ਡੀ ਸਿੱਖਿਆ ਸੰਸਥਾਵਾਂ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਇਤਿਹਾਸਿਕ ਪਿੰਡ ਖਡਿਆਲਾ ਸੈਣੀਆਂ ਤੋਂ 1 ਮਾਰਚ ਨੂੰ ਜਥੇਦਾਰ ਬਾਬਾ ਰਣਧੀਰ ਸਿੰਘ ਦੀ ਅਗਵਾਈ ਵਿੱਚ ਆਰੰਭ ਹੋਣ ਵਾਲੇ ਇਤਿਹਾਸਿਕ ਸਾਲਾਨਾ ਪੈਦਲ ਸੰਗ ਦਾ ਟਾਂਡਾ ਵਿੱਚ ਪਹੁੰਚਣ 'ਤੇ ਜੀ ਆਰ ਡੀ ਸਿੱਖਿਆ ਸੰਸਥਾਵਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ ਜਾਵੇਗਾ ਉਹਨਾਂ ਦੱਸਿਆ ਕਿ 2 ਮਾਰਚ ਨੂੰ ਟਾਂਡਾ ਦੇ ਨੇੜਲੇ ਪਿੰਡ ਕੁਰਾਲਾ ਤੋਂ ਬਾਬਾ ਸੁਖਦੇਵ ਸਿੰਘ ਕੁਰਾਲਾ ਦੀ ਅਗਵਾਈ ਵਿੱਚ ਆਰੰਭ ਹੋਣ ਵਾਲੇ ਸਾਲਾਨਾ ਪੈਦਲ ਸੰਗ ਦਾ ਮੀਰੀ ਪੀਰੀ ਦੇ ਮਾਲਕ ਇਤਿਹਾਸਿਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਮੂਨਕਾਂ ਵਿਖੇ ਪਹੁੰਚਣ ਤੇ ਮੁੱਖ ਸੇਵਾਦਾਰ ਬਾਬਾ ਕੁਲਦੀਪ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਸਵਾਗਤ ਕੀਤਾ ਜਾਵੇਗਾ ਇਸ ਤੋਂ ਇਲਾਵਾ , ਪਿੰਡ ਮੂਨਕ ਕਲਾਂ, ਪ ਪਿੰਡ ਬੋਲੇਵਾਲ ਪਹੁੰਚਣ ਤੇ ਪਿੰਡ ਮੂਨਕ ਕਲਾਂ, ਮੂਨਕ ਖੁਰਦ ਅਤੇ ਬੋਲੇਵਾਲ ਦੀ ਸੰਗਤ ਵੱਲੋਂ ਨਿੱਘਾ ਸਵਾਗਤ ਕੀਤਾ ਜਾਵੇਗਾ । ਇਸ ਮੌਕੇ ਉਹਨਾਂ ਹੋਰ ਦੱਸਿਆ ਕਿ ਇਸ ਪੈਦਲ ਸੰਗ ਯਾਤਰਾ ਨੂੰ ਲੈ ਕੇ ਇਲਾਕੇ ਦੀਆਂ ਸੰਗਤਾਂ ਵਿੱਚ ਬਹੁਤ ਹੀ ਸ਼ਰਧਾ ਤੇ ਉਤਸਾਹ ਪਾਇਆ ਜਾ ਰਿਹਾ ਹੈ।

ਮੀਂਹ ਤੇ ਹਨੇਰੀ ਚੱਲਣ ਨਾਲ ਕਿਸਾਨਾਂ ਦਾ ਹੋਇਆ ਨੁਕਸਾਨ

ਭਲਾਣ -(ਹਰਭਜਨ ਢਿੱਲੋਂ) ਤਹਿਸੀਲ ਨੰਗਲ ਦੇ ਨਾਲ ਲੱਗਦੇ ਪਿੰਡਾਂ ਵਿੱਚ ਦੋ ਦਿਨ ਤੋਂ ਲਗਾਤਾਰ ਮੀਂਹ ਪੈਣ ਅਤੇ ਚੱਲੀ ਹਨੇਰੀ ਕਾਰਨ ਕਿਸਾਨਾਂ ਦੇ ਮਹਿੰਗੇ ਭਾਅ ਪਾਏ ਹੋਏ ਬੀਜ, ਸਪਰੇਆਂ ਅਤੇ ਖਾਦ ਲਾ ਕੇ ਪਾਲੀ ਹੋਈ ਫਸਲ ਨੂੰ ਨੁਕਸਾਨ ਪਹੁੰਚਿਆ ਹੈ। ਕਣਕ ਦੀ ਫਸਲ ਧਰਤੀ ਉੱਤੇ ਵਿਛ ਜਾਣ ਕਾਰਨ ਕਿਸਾਨਾਂ ਨੂੰ ਕੁਦਰਤ ਦੀ ਕਰੋਪੀ ਨੇ ਚਿੰਤਾ ਵਿੱਚ ਪਾ ਦਿੱਤਾ ਹੈ। ਇਸ ਨਾਲ ਸਰੋਂ ਦੀ ਫਸਲ, ਫਲਾਂ ਤੇ ਸਬਜ਼ੀਆਂ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਪੁੱਤਾਂ ਵਾਂਗ ਪਾਲੀ ਹੋਈ ਕਣਕ ਧਰਤੀ ਉੱਤੇ ਡਿੱਗ ਜਾਣ ਕਾਰਨ ਕਿਸਾਨਾਂ ਚਿਹਰੇ ਮੁਰਝਾਏ ਹੋਏ ਹਨ। ਦੱਸਣਯੋਗ ਹੈ ਕਿ ਡਿੱਗੀ ਹੋਈ ਕਣਕ ਦੀ ਫਸਲ ਦਾ ਝਾੜ ਵੀ ਘੱਟ ਨਿਕਲੇਗਾ ਅਤੇ ਤੂੜੀ ਵੀ ਘੱਟ ਹੋਵੇਗੀ। ਕੰਬਾਈਨ ਨਾਲ ਕਣਕ ਕਟਾਉਣ ਅਤੇ ਮਜ਼ਦੂਰਾਂ ਤੋਂ ਹਾੜੀ ਦੀ ਫਸਲ ਵਢਾਉਣ ਨਾਲ ਲੇਬਰ ਦਾ ਖਰਚਾ ਦੁੱਗਣਾ ਪੈਣਾ ਹੈ। ਇਸ ਬੇਮੌਸਮੇ ਮੀਂਹ ਪੈਣ ਨਾਲ ਕਿਸਾਨਾਂ ਦੇ ਪੱਲੇ ਕੁਝ ਨਹੀਂ ਪੈਣਾ। ਕਿਸਾਨਾਂ ਨੂੰ ਇਸ ਮੀਂਹ ਤੇ ਹਨੇਰੀ ਨੇ ਰੋਲ ਕੇ ਰੱਖ ਦਿੱਤਾ ਹੈ। ਲੋਕਾਂ ਦੀ ਮੰਗ ਹੈ ਕਿ ਸਰਕਾਰ ਡਿੱਗੀ ਹੋਈ ਕਣਕ ਦੀ ਗਿਰਦਾਵਰੀ ਕਰਵਾ ਕੇ ਢੁੱਕਵਾਂ ਮੁਆਵਜ਼ਾ ਦੇਵੇ।

ਲਾਇਲਪੁਰ ਖਾਲਸਾ ਕਾਲਜ ਵੱਲੋਂ ਇੱਕ ਰੋਜ਼ਾ ਸਫਾਈ ਕੈਂਪ

ਜਲੰਧਰ (ਸੈਲੀ ਐਲਬਰਟ)- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਐਨ.ਐਸ.ਐਸ. ਯੂਨਿਟ, ਰੈੱਡ ਰਿਬਨ ਕਲੱਬ ਅਤੇ ਹਿਸਟਰੀ ਕਲੱਬ ਵੱਲੋਂ 'ਸੇਵਾ ਸੇ ਸੀਖੋਂ ਅਤੇ ਸਵੱਛ ਭਾਰਤ ਮੁਹਿੰਮ' ਅਧੀਨ ਕਾਲਜ ਕੈਂਪਸ ਵਿੱਚ ਇੱਕ ਰੋਜ਼ਾ ਸਫਾਈ ਕੈਂਪ ਦਾ ਆਯੋਜਨ ਕੀਤਾ ਗਿਆ । ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਮੁਹਿੰਮ ਦੀ ਸ਼ੁਰੂਆਤ ਕੀਤੀ ਅਤੇ ਵਲੰਟੀਅਰਾਂ ਨੂੰ ਇਸ ਰਾਸ਼ਟਰੀ ਲਹਿਰ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ । ਉਨ੍ਹਾਂ ਵਿਦਿਆਰਥੀਆਂ ਨੂੰ ਪਹਿਲਾਂ ਆਪਣੇ ਵਿਦਿਅਕ ਘਰ ਨੂੰ ਸਾਫ਼ ਕਰਕੇ ਅਤੇ ਫਿਰ ਹੌਲੀ-ਹੌਲੀ ਮੁਹਿੰਮ ਦਾ ਘੇਰਾ ਵਧਾਉਣ ਦਾ ਸੁਝਾਅ ਦਿੱਤਾ । ਉਨ੍ਹਾਂ ਨੇ ਇਨ੍ਹਾਂ ਸਮਾਜਿਕ ਗਤੀਵਿਧੀਆਂ ਦੇ ਪ੍ਰਭਾਵ ਨੂੰ ਵਧਾਉਣ ਲਈ ਇਨ੍ਹਾਂ ਮੁਹਿੰਮਾਂ ਵਿੱਚ ਭਾਈਚਾਰੇ ਨੂੰ ਸ਼ਾਮਲ ਕਰਨ ਦਾ ਸੁਝਾਅ ਦਿੱਤਾ। ਚੀਫ ਪ੍ਰੋਗਰਾਮ ਅਫ਼ਸਰ ਪ੍ਰੋਫੈਸਰ ਸਤਪਾਲ ਸਿੰਘ ਨੇ ਕਿਹਾ ਕਿ ਆਲੇ ਦੁਆਲੇ ਨੂੰ ਸਾਫ਼ ਅਤੇ ਹਰਾ-ਭਰਾ ਬਣਾਉਣ ਲਈ ਸਮੂਹਿਕ ਪੱਧਰ ਤੇ ਸਫਾਈ ਮੁਹਿੰਮਾਂ ਬਹੁਤ ਮਹੱਤਵਪੂਰਨ ਹਨ । ਉਨ੍ਹਾਂ ਦੱਸਿਆ ਕਿ ਸਫਾਈ ਅਤੇ ਸ਼੍ਰਮਦਾਨ (ਮੈਨੂਅਲ ਵਰਕ) ਦੇ ਮੁੱਲਾਂ ਨੂੰ ਪੈਦਾ ਕਰਨ ਲਈ ਵਲੰਟੀਅਰਾਂ ਨੂੰ ਸਫਾਈ ਲਈ ਖੇਤਰ ਨਿਰਧਾਰਤ ਕੀਤੇ ਗਏ ਸਨ । ਵਲੰਟੀਅਰਾਂ ਨੇ ਪਾਰਕਿੰਗ ਖੇਤਰਾਂ ਅਤੇ ਕਾਲਜ ਦੇ ਗਰਾਊਂਡ ਟਰੈਕਾਂ ਨੂੰ ਜੋਸ਼ ਅਤੇ ਉਤਸ਼ਾਹ ਨਾਲ ਸਾਫ਼ ਕੀਤਾ । ਇਸ ਮੁਹਿੰਮ ਦੌਰਾਨ, ਪ੍ਰੋਫੈਸਰ ਅਰੂਜਾ ਸੰਦੀਪ, ਪ੍ਰੋਫੈਸਰ ਕਰਨਬੀਰ ਸਿੰਘ, ਪ੍ਰੋਫੈਸਰ ਸੰਦੀਪ ਕੌਰ ਅਤੇ ਸੁਰਿੰਦਰ ਕੁਮਾਰ ਚਲੋਤਾਰਾ ਪੀ.ਏ. ਵੀ ਮੌਜੂਦ ਸਨ ।

ਮਹਾਂਸ਼ਿਵਰਾਤਰੀ ਮੌਕੇ ਲਾਇਨ ਸੰਜੀਵ ਸੂਰੀ ਦੀ ਅਗਵਾਈ 'ਚ ਲੰਗਰ

**ਫਗਵਾੜਾ (ਡਾ. ਰਮਨ,